# ਪੰਜਾਬੀ ਪੁਸਤਕ - 6

## (ਛੇਵੀਂ ਸ਼੍ਰੇਣੀ ਲਈ)

## (ਪਹਿਲੀ ਭਾਸ਼ਾ)

T1E4I3

ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ : 2022-23 ..................2,73,000 ਕਾਪੀਆਂ

All rights, including those of translation, reproduction
and annotation etc., are reserved by the
Punjab Government.

## ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਮੱਗਰ ਸਿੱਖਿਆ ਅਭਿਆਨ
ਪੜ੍ਹੋ ਸਾਰੇ ਵਧੋ ਸਾਰੇ
ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

ਇਹ ਪੁਸਤਕ ਵਿਕਰੀ ਲਈ ਨਹੀਂ ਹੈ।

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ **ਨਾਰਦਨ ਸਟੇਸ਼ਨਰੀ ਮਾਰਟ**, ਜਲੰਧਰ ਦੁਆਰਾ ਛਾਪੀ ਗਈ।

# ਮੁੱਖ ਬੰਧ

ਪੰਜਾਬ ਦੀ ਰਾਜ-ਭਾਸ਼ਾ ਹੋਣ ਸਦਕਾ ਪੰਜਾਬੀ ਨੂੰ ਰਾਜ ਦੇ ਸਕੂਲ ਸਿੱਖਿਆ-ਕ੍ਰਮ ਵਿੱਚ ਇੱਕ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਮੁੱਢ ਤੋਂ ਹੀ ਇਸ ਦੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਿਲਸਿਲੇ ਵਿੱਚ ਬੋਰਡ ਦੁਆਰਾ ਰਾਜ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਸਮੇਂ-ਸਮੇਂ ਪਾਠ-ਕ੍ਰਮਾਂ ਅਤੇ ਪਾਠ-ਪੁਸਤਕਾਂ ਨੂੰ ਨਵਿਆਇਆ ਜਾਂਦਾ ਹੈ। ਇਸੇ ਲੜੀ ਅਧੀਨ ਐੱਨ.ਸੀ.ਐੱਫ਼. 2005 ਅਤੇ ਪੀ.ਸੀ.ਐੱਫ਼ 2013 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਸ ਪਾਠ-ਪੁਸਤਕ ਨੂੰ ਸੋਧਿਆ ਗਿਆ ਹੈ।

ਹਥਲੀ ਪਾਠ-ਪੁਸਤਕ ਛੇਵੀਂ ਸ਼੍ਰੇਣੀ (ਪਹਿਲੀ ਭਾਸ਼ਾ) ਦੇ ਵਿਦਿਆਰਥੀਆਂ ਲਈ ਤਿਆਰ ਕੀਤੀ ਗਈ ਹੈ। ਇਸ ਪੁਸਤਕ ਨੂੰ ਤਿਆਰ ਕਰਦੇ ਸਮੇਂ ਬੱਚਿਆਂ ਦੀਆਂ ਰੁਚੀਆਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਇਸ ਲਈ ਇਸ ਪੁਸਤਕ ਵਿੱਚ ਕਵਿਤਾਵਾਂ, ਕਹਾਣੀਆਂ, ਜੀਵਨੀਆਂ, ਲੇਖ ਅਤੇ ਵਾਰਤਾਲਾਪ ਵਾਲ਼ੇ ਪਾਠ ਸ਼ਾਮਲ ਕਰਕੇ ਢੁਕਵੇਂ ਚਿੱਤਰਾਂ ਰਾਹੀਂ ਇਸ ਨੂੰ ਮਨਮੋਹਣਾ ਬਣਾਉਣ ਦਾ ਜਤਨ ਕੀਤਾ ਗਿਆ ਹੈ।

ਇਹ ਪਾਠ-ਪੁਸਤਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੰਜਾਬੀ ਵਿਕਾਸ ਕੇਂਦਰ ਦੇ ਵਿਸ਼ਾ-ਮਾਹਰ ਸ੍ਰੀਮਤੀ ਪਰਮਿੰਦਰ ਕੌਰ ਵੱਲੋਂ ਉਪ-ਡਾਇਰੈਕਟਰ ਅਕਾਦਮਿਕ ਸ੍ਰੀਮਤੀ ਅਮਰਜੀਤ ਕੌਰ ਦਾਲਮ ਦੀ ਅਗਵਾਈ ਹੇਠ ਤਿਆਰ ਕੀਤੀ ਗਈ। ਇਸ ਪਾਠ-ਪੁਸਤਕ ਦੀ ਤਿਆਰੀ ਲਈ ਖੇਤਰ ਤੋਂ ਮਾਹਰਾਂ, ਵਿਸ਼ੇਸ਼ ਕਰਕੇ ਡਾ. ਰਮਾ ਰਤਨ, ਡਾ. ਸਰਬਜੀਤ ਕੌਰ ਸੋਹਲ, ਸ੍ਰੀ ਤਰਸੇਮ ਸਿੰਘ ਬੁੱਟਰ, ਸ੍ਰੀਮਤੀ ਬਲਦੀਪ ਕੌਰ, ਡਾ. ਬਲਜੀਤ ਕੌਰ ਅਤੇ ਸ੍ਰੀ ਜਸਵੀਰ ਸਿੰਘ ਲੰਗੜੋਆ ਦਾ ਸਹਿਯੋਗ ਪ੍ਰਾਪਤ ਕੀਤਾ ਗਿਆ। ਉਹਨਾਂ ਸਭਨਾਂ ਲੇਖਕਾਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਧੰਨਵਾਦ ਕੀਤਾ ਜਾਂਦਾ ਹੈ ਜਿਨ੍ਹਾਂ ਦੀਆਂ ਰਚਨਾਵਾਂ ਇਸ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਇਸ ਪਾਠ-ਪੁਸਤਕ ਦੇ ਚਿੱਤਰ ਬੋਰਡ ਦੇ ਚਿੱਤਰਕਾਰ ਸ. ਮਨਜੀਤ ਸਿੰਘ ਦੁਆਰਾ ਤਿਆਰ ਕੀਤੇ ਗਏ ਹਨ। ਇਸ ਪੁਸਤਕ ਨੂੰ ਵਧੀਆ ਬਣਾਉਣ ਲਈ ਆਏ ਸੁਝਾਵਾਂ ਦਾ ਬੋਰਡ ਵੱਲੋਂ ਸਤਿਕਾਰ ਕੀਤਾ ਜਾਵੇਗਾ।

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

# ਪਾਠ-ਸੂਚੀ


| ਲੜੀ ਨੰ : | | ਪਾਠ | ਲੇਖਕ | ਪੰਨਾ |
|---|---|---|---|---|
| 1. | ਤਿਰੰਗਾ | ਕਵਿਤਾ | ਸ੍ਰੀ ਸ਼ਿਵ ਕੁਮਾਰ ਬਟਾਲਵੀ | 1 |
| 2. | ਆਪਣੇ-ਆਪਣੇ ਥਾਂ ਸਾਰੇ ਚੰਗੇ | ਕਹਾਣੀ | ਸ੍ਰੀਮਤੀ ਅੰਮ੍ਰਿਤਾ ਪ੍ਰੀਤਮ | 4 |
| 3. | ਮਹਾਤਮਾ ਗਾਂਧੀ | ਲੇਖ | ਸ੍ਰੀਮਤੀ ਨਿਤਾਸ਼ਾ ਕੋਹਲੀ | 7 |
| 4. | ਦੇਸ ਪੰਜਾਬ | ਕਵਿਤਾ | ਸ੍ਰੀ ਫ਼ੀਰੋਜ਼ਦੀਨ ਸ਼ਰਫ਼ | 10 |
| 5. | ਲਿਫ਼ਾਫ਼ੇ | ਕਹਾਣੀ | ਸ੍ਰੀ ਰਮੇਸ਼ ਭਾਰਤੀ | 12 |
| 6. | ਬਾਬਾ ਬੁੱਢਾ ਜੀ | ਲੇਖ | ਪ੍ਰੋ.ਜਗਦੀਸ਼ ਸਿੰਘ | 16 |
| 7. | ਬਸੰਤ | ਕਵਿਤਾ | ਸ੍ਰੀ ਧਨੀ ਰਾਮ ਚਾਤ੍ਰਿਕ | 19 |
| 8. | ਸਾਰਾ ਜੱਗ ਨਹੀਂ ਜਿੱਤਿਆ ਜਾਂਦਾ | ਕਹਾਣੀ | ਸ੍ਰੀਮਤੀ ਨਿਤਾਸ਼ਾ ਕੋਹਲੀ | 21 |
| 9. | ਥਾਲ਼ | ਲੇਖ | ਸ੍ਰੀ ਸੁਖਦੇਵ ਮਾਦਪੁਰੀ | 24 |
| 10. | ਕੀੜੀ | ਕਵਿਤਾ | ਸ੍ਰੀ ਸੁਰਜੀਤ ਸਿੰਘ ਮਰਜਾਰਾ | 28 |
| 11. | ਦਾਤੇ | ਕਹਾਣੀ | ਸ੍ਰੀ ਕੁਲਵੰਤ ਸਿੰਘ ਵਿਰਕ | 30 |
| 12. | ਪਹਿਲ | ਕਵਿਤਾ | ਸ. ਸ. ਚਰਨ ਸਿੰਘ ਸ਼ਹੀਦ | 34 |
| 13. | ਭਗਤ ਕਬੀਰ ਜੀ | ਜੀਵਨੀ | ਡਾ. ਜੇ.ਐੱਸ ਗਰੇਵਾਲ਼ | 36 |
| 14. | ਆਲੋਕ ਸੁਖੀ, ਗੁਆਂਢੀ ਦੁਖੀ ! ਨਾ ਬਈ ਨਾ! | ਕਹਾਣੀ | ਸ੍ਰੀ ਜਗਦੀਸ਼ ਕੌਸ਼ਲ | 39 |
| 15. | ਤਿੰਨ ਇਨਕਲਾਬੀ—ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ | ਲੇਖ | ਸ੍ਰੀ ਲਖਵਿੰਦਰ ਸਿੰਘ ਰਈਆ | 41 |
| 16. | ਵਿਸਾਖੀ ਦਾ ਮੇਲਾ | ਕਵਿਤਾ | ਸ੍ਰੀ ਮਾਨ ਸਿੰਘ ਹਕੀਰ | 45 |
| 17. | ਝੀਲ, ਪਸ਼ੂ-ਪੰਛੀ ਅਤੇ ਬੱਚੇ | ਕਹਾਣੀ | ਬੀਬੀ ਸੁਖਵੰਤ ਮਾਨ | 48 |
| 18. | ਸੜਕੀ ਦੁਰਘਟਨਾਵਾਂ ਤੋਂ ਬਚਾਅ | ਲੇਖ | ਡਾ. ਕਰਨੈਲ ਸਿੰਘ ਸੋਮਲ | 52 |
| 19. | ਤਿੰਨ ਸਵਾਲ | ਕਹਾਣੀ | ਲਿਓ ਤਾਲਸਤਾਏ | 56 |
| 20. | ਧਰਤੀ ਦਾ ਗੀਤ | ਕਵਿਤਾ | ਸ੍ਰੀ ਕੁਲਦੀਪ ਸਿੰਘ | 60 |
| 21. | ਪਿੰਡ ਇਉਂ ਬੋਲਦੈ | ਕਹਾਣੀ | ਡਾ. ਸ਼ਰਨਜੀਤ ਕੌਰ | 63 |
| 22. | ਲੋਕ-ਨਾਇਕ ਦਾ ਚਲਾਣਾ | ਕਹਾਣੀ | ਸ੍ਰੀ ਗੁਲਜ਼ਾਰ ਸਿੰਘ ਸੰਧੂ | 66 |
| 23. | ਹਾਕੀ-ਖਿਡਾਰਨ: ਅਜਿੰਦਰ ਕੌਰ | ਜੀਵਨੀ | ਸ੍ਰੀਮਤੀ ਰਾਜਿੰਦਰ ਚੌਹਾਨ | 69 |
| 24. | ਵੱਡੇ ਕੰਮ ਦੀ ਭਾਲ਼ | ਕਹਾਣੀ | ਕਰਨਲ ਜਸਬੀਰ ਭੁੱਲਰ | 73 |
| 25. | ਭਾਰਤ ਰਤਨ : ਡਾ. ਭੀਮ ਰਾਓ ਅੰਬੇਦਕਰ | ਜੀਵਨੀ | ਡਾ. ਹਰਨੇਕ ਸਿੰਘ ਕਲੇਰ | 78 |
| 26. | ਫੁੱਲਾਂ ਦਾ ਸੁਨੇਹਾ | ਕਵਿਤਾ | ਸ੍ਰੀ ਤੇਰਾ ਸਿੰਘ ਚੰਨ | 82 |

# ਪਾਠ-1

# ਤਿਰੰਗਾ



ਝੰਡਿਆ ਤਿਰੰਗਿਆ ਨਿਰਾਲੀ ਤੇਰੀ ਸ਼ਾਨ ਏ,
ਸਾਰੇ ਦੇਸਵਾਸੀਆਂ ਨੂੰ ਤੇਰੇ ਉੱਤੇ ਮਾਣ ਏ।
ਇੱਕ-ਇੱਕ ਤਾਰ ਤੇਰੀ,
ਜਾਪੇ ਮੂੰਹੋਂ ਬੋਲਦੀ।
ਮੁੱਲ ਹੈ ਅਜ਼ਾਦੀ ਸਦਾ,
ਲਹੂਆਂ ਨਾਲ਼ ਤੋਲਦੀ।
ਉੱਚਾ ਸਾਡਾ ਅੰਬਰਾਂ 'ਤੇ ਝੂਲਦਾ ਨਿਸ਼ਾਨ ਏ,
ਝੰਡਿਆ ਤਿਰੰਗਿਆ ਨਿਰਾਲੀ ਤੇਰੀ ਸ਼ਾਨ ਏ।

ਸਾਵਾ ਰੰਗ ਤੇਰਾ ਦੱਸੇ,
ਖੇਤੀਆਂ ਦੇ ਰੰਗ ਨੂੰ।
ਪਹਿਨ ਬਾਣਾ ਕੇਸਰੀ,
ਜਾਣ ਯੋਧੇ ਜੰਗ ਨੂੰ।
ਚਿੱਟਾ ਰੰਗ ਤੇਰਾ ਸਾਡਾ ਸ਼ਾਂਤੀ-ਵਿਧਾਨ ਏ,
ਝੰਡਿਆ ਤਿਰੰਗਿਆ ਨਿਰਾਲੀ ਤੇਰੀ ਸ਼ਾਨ ਏ।

ਤਿੰਨੇ ਰੰਗ 'ਕੱਠੇ ਹੋ ਕੇ,
ਏਕਤਾ ਨੂੰ ਦੱਸਦੇ।
ਤੇਰੀ ਛਾਇਆ ਹੇਠ।
ਸਾਰੇ ਭਾਈ-ਭਾਈ ਵੱਸਦੇ।
ਚੱਕਰ ਅਸ਼ੋਕ ਦਾ ਵਿਕਾਸ ਦਾ ਨਿਸ਼ਾਨ ਏ।
ਝੰਡਿਆ ਤਿਰੰਗਿਆ ਨਿਰਾਲੀ ਤੇਰੀ ਸ਼ਾਨ ਏ,
ਸਾਰੇ ਦੇਸਵਾਸੀਆਂ ਨੂੰ ਤੇਰੇ ਉੱਤੇ ਮਾਣ ਏ।

## ਪਾਠ-ਅਭਿਆਸ

1. **ਦੱਸੋ :**

(ੳ) ਤਿਰੰਗੇ ਝੰਡੇ ਦੇ ਤਿੰਨ ਰੰਗਾਂ ਦੇ ਨਾਂ ਦੱਸੋ ?

(ਅ) ਤਿਰੰਗੇ ਵਿੱਚ ਸ਼ਬਦ 'ਸਾਵਾ' ਤੋਂ ਕੀ ਭਾਵ ਹੈ ?

(ੲ) ਕੇਸਰੀ ਰੰਗ ਕਿਸ ਗੱਲ ਨੂੰ ਦਰਸਾਉਂਦਾ ਹੈ ?

(ਸ) ਚਿੱਟਾ ਰੰਗ ਕਿਸ ਗੁਣ ਕਰਕੇ ਚੰਗਾ ਲੱਗਦਾ ਹੈ ?

(ਹ) ਅਸ਼ੋਕ-ਚੱਕਰ ਦਾ ਕੀ ਭਾਵ ਹੈ ?

2. **ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ :**

ਸਾਵਾ ਰੰਗ ਤੇਰਾ ਦੱਸੇ

........................

ਪਹਿਨ ਬਾਣਾ ਕੇਸਰੀ

........................

ਚਿੱਟਾ ਰੰਗ ਤੇਰਾ ਸਾਡਾ

........................।

3. **ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਤਿਰੰਗਾ | : | ਤਿੰਨ ਰੰਗ, ਤਿਰੰਗੇ ਤੋਂ ਭਾਵ ਭਾਰਤ ਦੇਸ਼ ਦਾ ਰਾਸ਼ਟਰੀ ਝੰਡਾ |
| ਅਜ਼ਾਦੀ | : | ਖੁੱਲ੍ਹ, ਸੁਤੰਤਰਤਾ |
| ਅੰਬਰ | : | ਅਕਾਸ਼, ਅਸਮਾਨ, ਗਗਨ, ਅਰਸ਼ |
| ਨਿਰਾਲੀ | : | ਵੱਖਰੀ, ਵਿਲੱਖਣ |
| ਏਕਤਾ | : | ਏਕਾ, ਮੇਲ਼, ਇਕੱਠ |
| ਵਿਕਾਸ | : | ਵਾਧਾ, ਤਰੱਕੀ, ਉੱਨਤੀ |
| ਸਾਵਾ | : | ਹਰਾ, ਸਬਜ਼ |
| ਬਾਣਾ | : | ਲਿਬਾਸ, ਪਹਿਰਾਵਾ |

4. ਹੇਠ ਲਿਖੇ ਸ਼ਬਦਾਂ ਨੂੰ ਸਮਾਨਾਰਥੀ ਸ਼ਬਦਾਂ ਨਾਲ਼ ਮਿਲਾਓ:

| | | |
|---|---|---|
| ਅਜ਼ਾਦੀ | : | ਵੱਖਰੀ |
| ਅੰਬਰ | : | ਪਛਾਣ |
| ਬਾਣਾ | : | ਤਰੱਕੀ |
| ਵਿਕਾਸ | : | ਸੁਤੰਤਰਤਾ |
| ਨਿਰਾਲੀ | : | ਅਸਮਾਨ |

5. ਆਪਣੀ ਸ਼੍ਰੇਣੀ ਦੇ ਵਿਦਿਆਰਥੀਆਂ ਨਾਲ਼ ਮਿਲ਼ ਕੇ ਇਹ ਕਵਿਤਾ ਗਾਓ।

6. ਅਧਿਆਪਕ ਲਈ :

ਸੁਤੰਤਰਤਾ ਦਿਵਸ ਅਤੇ ਗਣਤੰਤਰਤਾ ਦਿਵਸ ਮੌਕੇ ਬੱਚਿਆਂ ਨੂੰ ਪ੍ਰੇਡ 'ਚ ਸ਼ਾਮਲ ਕਰੋ ਅਤੇ ਤਿਰੰਗੇ ਸੰਬੰਧੀ ਇਸ ਕਵਿਤਾ ਦੇ ਨਾਲ਼-ਨਾਲ਼ ਹੋਰ ਗੀਤ ਜਾਂ ਕਵਿਤਾਵਾਂ ਬੋਲਣ ਲਈ ਪ੍ਰੇਰਿਤ ਕਰੋ।

*****

# ਪਾਠ-2

# ਆਪਣੇ-ਆਪਣੇ ਥਾਂ ਸਾਰੇ ਚੰਗੇ

ਰਸੋਈ ਦੀ ਅਲਮਾਰੀ ਵਿੱਚ ਇਲਾਚੀ, ਸੌਂਫ, ਜਵੈਣ, ਅੰਬਚੂਰ ਤੇ ਅਨਾਰਦਾਣਾ ਵੱਖ-ਵੱਖ ਲਿਫ਼ਾਫ਼ਿਆਂ ਅੰਦਰ ਬੈਠੇ ਰਹਿੰਦੇ ਸਨ। ਇੱਕ ਵਾਰ ਜਦੋਂ ਮਈ ਦਾ ਮਹੀਨਾ ਆਇਆ, ਦੁਪਹਿਰ ਵੇਲ਼ੇ ਇਲਾਚੀ ਨੂੰ ਬੜੀ ਗਰਮੀ ਲੱਗੀ। ਉਹ ਸਭ ਤੋਂ ਜਲਦੀ ਲਿਫ਼ਾਫ਼ੇ ਵਿੱਚੋਂ ਬਾਹਰ ਆ ਗਈ। ਫੇਰ ਸੌਂਫ ਨੂੰ ਵੀ ਗਰਮੀ ਲੱਗੀ ਤੇ ਜਵੈਣ ਨੂੰ ਵੀ ਗਰਮੀ ਲੱਗੀ, ਅੰਬਚੂਰ ਤੇ ਅਨਾਰਦਾਣੇ ਨੂੰ ਵੀ ਗਰਮੀ ਲੱਗੀ। ਸਾਰੇ ਹੀ ਲਿਫ਼ਾਫ਼ਿਆਂ ਵਿੱਚੋਂ ਨਿਕਲ਼ ਆਏ। ਨੇੜੇ ਢੱਕਣ ਉੱਤੇ ਪੂਦਨਾ ਪਿਆ ਸੀ। ਪੂਦਨੇ ਨੂੰ ਵੀ ਢੱਕਣ ਬੜਾ ਗਰਮ ਲੱਗਾ। ਪੂਦਨਾ ਢੱਕਣ ਉੱਤੋਂ ਉੱਤਰ ਕੇ ਆਪਣੇ ਬੇਲੀ ਅਨਾਰਦਾਣੇ ਕੋਲ਼ ਆ ਗਿਆ।

ਇਲਾਚੀ ਆਪਣੇ-ਆਪ ਨੂੰ ਇਹਨਾਂ ਸਭਨਾਂ ਵਿੱਚੋਂ ਉੱਤਮ ਸਮਝਦੀ ਸੀ। ਉਹ ਕਹਿਣ ਲੱਗੀ, "ਮੈਂ ਬੜੀ ਸੁੰਦਰ ਹਾਂ। ਗੁਣਾਂ ਵਿੱਚ ਵੀ ਸਭ ਤੋਂ ਚੰਗੀ ਹਾਂ। ਤੁਸੀਂ ਮੇਰੇ ਨੇੜੇ ਬੈਠੇ ਚੰਗੇ ਨਹੀਂ ਲੱਗਦੇ। ਮੈਂ ਤੁਹਾਡੇ ਵਿੱਚੋਂ ਸਭ ਤੋਂ ਮਹਿੰਗੀ ਹਾਂ। ਸ਼ਰਬਤ ਬਣਾਓ ਤਾਂ ਮੈਨੂੰ ਵਿੱਚ ਪਾ ਲਓ। ਮੈਂ ਤਾਂ ਚੰਗੀਆਂ-ਚੰਗੀਆਂ ਮਿਠਿਆਈਆਂ ਵਿੱਚ ਪੈ ਜਾਂਦੀ ਹਾਂ।"

ਸੌਂਫ ਤੇ ਜਵੈਣ ਇਕੱਠੀਆਂ ਬੈਠੀਆਂ ਸਨ। ਜਵੈਣ ਨੇ ਸੌਂਫ ਨੂੰ ਕਿਹਾ, "ਦੇਖ ਭੈਣੇ, ਅੱਜ ਇਲਾਚੀ ਨੂੰ ਕੀ ਗਰਮੀ ਚੜ੍ਹ ਗਈ ਏ ? ਕਹਿੰਦੀ ਏ ਅਸੀਂ ਇਹਦੇ ਨੇੜੇ ਨਾ ਬੈਠੀਏ, ਕਿਤੇ ਦੂਰ ਚਲੀਆਂ ਜਾਈਏ। ਵੱਡੀ ਗੁਣਾਂ ਵਾਲ਼ੀ! ਜਦੋਂ ਢਿੱਡ-ਪੀੜ ਹੋਵੇ, ਉਦੋਂ ਇਲਾਚੀ ਨੂੰ ਕੋਈ ਨਹੀ ਪੁੱਛਦਾ। ਸਾਰੇ ਤੈਨੂੰ ਜਾਂ ਮੈਨੂੰ ਹੀ ਖਾਂਦੇ ਨੇ ਜੇ ਇਤਬਾਰ ਨਹੀਂ ਤਾਂ ਹਕੀਮਾਂ, ਵੈਦਾਂ ਕੋਲ਼ੋਂ ਇਹ ਸਾਡੇ ਗੁਣ ਪੁੱਛ ਕੇ ਦੇਖ ਲਵੇ।"

ਸੌਂਫ ਬੋਲੀ, "ਤੂੰ ਸੱਚ ਕਹਿੰਦੀ ਏਂ ਭੈਣੇ, ਜੇ ਕਿਸੇ ਸਿਆਣੇ ਕੋਲ਼ੋਂ ਇਨਸਾਫ਼ ਕਰਵਾਇਆ ਜਾਵੇ ਤਾਂ ਉਹ ਤੇਰੀ ਗੱਲ ਸੱਚ ਦੱਸੇਗਾ। ਇਲਾਚੀ ਆਪ ਨੂੰ ਬੜੀ ਗੁਣਾਂ ਵਾਲ਼ੀ ਸਮਝਦੀ ਏ! ਹੋਵੇਗੀ ਆਪਣੇ ਘਰ! ਅਸੀਂ ਕੋਈ ਔਗੁਣਾਂ ਵਾਲ਼ੀਆਂ ਹਾਂ ? ਮੇਰੇ ਵਰਗੀ ਮਿੱਠੀ ਬਣ ਕੇ ਤਾਂ ਦੱਸੇ! ਸੁੰਘਣ ਵਿੱਚ ਭਾਵੇਂ ਚੰਗੀ ਏ ਪਰ ਸੁੰਘਣ ਨੂੰ ਮੈਂ ਕਿਹੜੀ ਮੰਦੀ ਆਂ! ਮੈਂ ਵੀ ਤੇਰੇ ਵਾਂਗ ਵੈਦਾਂ, ਹਕੀਮਾਂ ਦੇ ਬੜੇ ਕੰਮ ਆਉਂਦੀ ਹਾਂ!"

ਅੰਬਚੂਰ ਨੂੰ ਇਲਾਚੀ ਦੀ ਗੱਲ ਕੌੜੀ ਲੱਗੀ। ਉਹਨੇ ਕਿਹਾ, "ਮੇਰੀ ਵਰਗੀ ਖਟਿਆਈ ਨਾ ਇਲਾਚੀ ਵਿੱਚ ਏ ਤੇ ਨਾ ਸੌਂਫ ਜਾਂ ਜਵੈਣ ਵਿੱਚ, ਮੇਰੀ ਖਟਿਆਈ ਬਿਨਾਂ ਕਿੰਨੇ ਹੀ ਖਾਣੇ ਚੰਗੇ ਨਹੀਂ ਲੱਗਦੇ।"

ਅਨਾਰਦਾਣੇ ਨੂੰ ਬੜੀ ਗਰਮੀ ਲੱਗ ਰਹੀ ਸੀ। ਉਹ ਬੜੇ ਦੂਰ-ਦੁਰਾਡੇ ਦੇ ਪ੍ਰਦੇਸ਼ ਕਸ਼ਮੀਰ ਤੋਂ ਆਇਆ ਸੀ ਜਿੱਥੇ ਬਡੀ ਠੰਢ ਹੁੰਦੀ ਹੈ। ਅਨਾਰਦਾਣੇ ਨੇ ਬੜੇ ਲਾਲ ਹੋ ਕੇ ਕਿਹਾ, "ਮੇਰੇ ਭਰਾ ਅੰਬਚੂਰ ਨੇ ਸੱਚ ਕਿਹਾ ਏ। ਖਟਿਆਈ ਬਿਨਾਂ ਕਿੰਨੇ ਹੀ ਖਾਣੇ ਚੰਗੇ ਨਹੀਂ ਲੱਗਦੇ। ਮੇਰੀ ਖਟਿਆਈ ਕਿੰਨੀ ਚੰਗੀ ਏ! ਪੂਦਨੇ ਦੀ ਚਟਣੀ ਮੇਰੇ ਤੋਂ ਬਿਨਾਂ ਚੰਗੀ ਨਹੀਂ ਲੱਗਦੀ।"

ਪੂਦਨੇ ਨੂੰ ਆਪਣੇ ਸਾਥੀ ਅਨਾਰਦਾਣੇ ਦੀ ਗੱਲ ਬੜੀ ਚੰਗੀ ਲੱਗੀ ਸੀ। ਪੂਦਨੇ ਨੇ ਕਿਹਾ, "ਮੈਂ ਤੁਹਾਡੇ ਵਿੱਚੋਂ ਸਾਰਿਆਂ ਤੋਂ ਸਸਤਾ ਹਾਂ ਪਰ ਸਿਆਣਾ ਸਭ ਤੋਂ ਵੱਧ ਹਾਂ। ਇਲਾਚੀ ਨੂੰ ਮਹਿੰਗਿਆਂ ਹੋਣ ਕਰਕੇ ਆਪਣੇ-ਆਪ ਨੂੰ ਏਡੀ ਉੱਤਮ ਨਹੀਂ ਸਮਝਣਾ ਚਾਹੀਦਾ। ਉਹਨੂੰ ਸਾਡੇ ਨੇੜੇ ਬੈਠਿਆਂ ਨੱਕ-ਮੂੰਹ ਨਹੀਂ ਚਾੜ੍ਹਨਾ ਚਾਹੀਦਾ। ਸਾਰਿਆਂ ਵਿੱਚ ਵੱਖ-ਵੱਖ ਗੁਣ ਹੁੰਦੇ ਹਨ, ਜਿਵੇਂ ਚਟਣੀ ਲਈ ਮੈਂ ਤੇ ਅਨਾਰਦਾਣਾ ਦੋਵੇਂ ਚਾਹੀਦੇ ਹਾਂ, ਏਸ ਤਰ੍ਹਾਂ ਹੀ ਸਾਡੇ ਵਿੱਚੋਂ ਸਾਰੀਆਂ ਚੀਜ਼ਾਂ ਦੀ ਲੋੜ ਪੈਂਦੀ ਰਹਿੰਦੀ ਹੈ। ਸਾਨੂੰ ਸਾਰਿਆਂ ਨੂੰ ਬੇਲੀ ਬਣ ਕੇ ਰਹਿਣਾ ਚਾਹੀਦਾ ਹੈ। ਸਾਰੇ ਆਪਣੇ-ਆਪਣੇ ਥਾਂ ਚੰਗੇ ਹਨ।"

ਪੂਦਨੇ ਦੀ ਗੱਲ ਇਲਾਚੀ, ਜਵੈਣ, ਅੰਬਚੂਰ, ਅਨਾਰਦਾਣੇ ਸਾਰਿਆਂ ਨੇ ਸੁਣੀ। ਪੂਦਨੇ ਦੀ ਗੱਲ ਸਿਆਣੀ ਤੇ ਇਨਸਾਫ਼ ਵਾਲ਼ੀ ਸੀ। ਇਲਾਚੀ, ਸੌਂਫ ਤੇ ਜਵੈਣ, ਅੰਬਚੂਰ ਤੇ ਅਨਾਰਦਾਣੇ ਨੂੰ ਪੂਦਨੇ ਦਾ ਕਿਹਾ ਚੰਗਾ ਲੱਗਾ। ਸਾਰਿਆਂ ਨੇ ਵਚਨ ਦਿੱਤਾ ਕਿ ਉਹ ਇੱਕ-ਦੂਜੇ ਦੇ ਅਸਲੀ ਸਾਥੀ ਬਣਨਗੇ ਤੇ ਇਕੱਠੇ ਰਲ਼ ਕੇ ਰਹਿਣਗੇ।

ਦੁਪਹਿਰ ਦੀ ਤਿੱਖੀ ਗਰਮੀ ਘਟ ਚੁੱਕੀ ਸੀ। ਅਸਮਾਨ ਉੱਤੇ ਬੱਦਲ਼ ਵੀ ਆ ਗਏ ਸਨ। ਇਲਾਚੀ, ਜਵੈਣ, ਅੰਬਚੂਰ ਤੇ ਅਨਾਰਦਾਣਾ ਸਾਰੇ ਖ਼ੁਸ਼ ਹੋ ਗਏ ਤੇ ਆਪਣੇ-ਆਪਣੇ ਲਿਫ਼ਾਫ਼ਿਆਂ ਵਿੱਚ ਜਾ ਕੇ ਮਿੱਠੀ ਨੀਂਦਰੇ ਸੌਂ ਗਏ। ਪੂਦਨਾ ਵੀ ਢਕਣੇ 'ਤੇ ਜਾ ਕੇ ਲੇਟ ਗਿਆ। ਉਹਨੂੰ ਨੀਂਦਰ ਨਾ ਆਈ। ਉਹ ਰਾਤ ਪੈਣ ਤੱਕ ਜਾਗਦਾ ਰਿਹਾ ਤੇ ਰਾਤ ਨੂੰ ਰਸੋਈ ਦੀ ਬਾਰੀ ਵਿੱਚੋਂ ਅਸਮਾਨ ਉੱਤੇ ਚਮਕਦੇ ਤਾਰੇ ਤੱਕਦਾ ਰਿਹਾ।

## ਪਾਠ-ਅਭਿਆਸ

1. ਦੱਸੋ :

(ੳ) ਰਸੋਈ ਦੀ ਅਲਮਾਰੀ ਦੇ ਲਿਫ਼ਾਫ਼ਿਆਂ ਵਿੱਚ ਕਿਹੜੀਆਂ-ਕਿਹੜੀਆਂ ਚੀਜ਼ਾਂ ਪਈਆਂ ਸਨ?

(ਅ) ਇਲਾਚੀ ਨੂੰ ਕਿਸ ਗੱਲ ਦਾ ਘੁਮੰਡ ਸੀ?

(ੲ) ਸੌਂਫ ਤੇ ਜਵੈਣ ਵਿੱਚ ਕਿਹੜੇ-ਕਿਹੜੇ ਗੁਣ ਹੁੰਦੇ ਹਨ?

(ਸ) ਅੰਬਚੂਰ ਕਿਸ ਕੰਮ ਆਉਂਦਾ ਹੈ?

(ਹ) ਅਨਾਰਦਾਣਾ ਕਿਹੜੇ ਪ੍ਰਦੇਸ਼ ਤੋਂ ਆਇਆ ਸੀ ਅਤੇ ਇਸ ਦੀ ਵਰਤੋਂ ਕਿਸ ਚੀਜ਼ ਵਿੱਚ ਹੁੰਦੀ ਹੈ?

(ਕ) ਪੂਦਨੇ ਦਾ ਇਲਾਚੀ ਤੇ ਦੂਜੀਆਂ ਚੀਜ਼ਾਂ ਬਾਰੇ ਕੀ ਵਿਚਾਰ ਸੀ?

(ਖ) ਪੂਦਨੇ ਨੇ ਕੀ ਗੱਲ ਕੀਤੀ ਸੀ ਅਤੇ ਪੂਦਨੇ ਦੀ ਗੱਲ ਸੁਣ ਕੇ ਸਾਰਿਆਂ ਨੇ ਕੀ ਵਚਨ ਦਿੱਤਾ?

2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਰਸੋਈ, ਅਲਮਾਰੀ, ਮਿਠਿਆਈ, ਸ਼ਰਬਤ, ਅਸਮਾਨ

3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਬੇਲੀ | : | ਮਿੱਤਰ, ਦੋਸਤ |
| ਉੱਤਮ | : | ਵਧੀਆ, ਚੰਗਾ, ਸ੍ਰੇਸ਼ਟ |
| ਵਚਨ | : | ਵਾਇਦਾ, ਇਕਰਾਰ, ਕੌਲ, ਪ੍ਰਣ |
| ਇਤਬਾਰ | : | ਯਕੀਨ, ਭਰੋਸਾ, ਵਿਸ਼ਵਾਸ |
| ਇਨਸਾਫ਼ | : | ਨਿਆਂ, ਸੱਚ-ਝੂਠ ਦਾ ਨਿਤਾਰਾ |
| ਵੈਦ-ਹਕੀਮ | : | ਆਯੁਰਵੈਦਿਕ ਦਵਾਈਆਂ ਦੁਆਰਾ ਬਿਮਾਰੀ ਦਾ ਇਲਾਜ ਕਰਨ ਵਾਲ਼ਾ ਆਦਮੀ |
| ਪੂਦਨਾ | : | ਪੁਦੀਨਾ |

4. ਸਹੀ/ਗ਼ਲਤ ਚੁਣੋ

(ੳ) ਸ਼ਾਮ ਵੇਲ਼ੇ ਇਲਾਚੀ ਨੂੰ ਬੜੀ ਗਰਮੀ ਲੱਗੀ।

(ਅ) ਪੂਦਨੇ ਨੂੰ ਢੱਕਣ ਬੜਾ ਠੰਢਾ ਲੱਗਾ।

(ੲ) ਸੌਂਫ ਤੇ ਜਵੈਣ ਇੱਕਠੀਆਂ ਬੈਠੀਆਂ ਸਨ।

## ਵਿਆਕਰਨ

ਰਸੋਈ ਦੀ ਅਲਮਾਰੀ ਵਿੱਚ ਇਲਾਚੀ, ਸੌਂਫ, ਜਵੈਣ, ਅੰਬਚੂਰ ਅਤੇ ਅਨਾਰਦਾਣਾ ਵੱਖ-ਵੱਖ ਲਿਫ਼ਾਫ਼ਿਆਂ ਅੰਦਰ ਬੈਠੇ ਰਹਿੰਦੇ ਸਨ।

ਨਾਂਵ - ਇਸ ਵਾਕ ਵਿੱਚ ਰੰਗੀਨ ਸ਼ਬਦ ਕੁਝ ਵਸਤਾਂ ਅਤੇ ਥਾਂਵਾਂ ਦੇ ਨਾਂ ਹਨ। ਕਿਸੇ ਵਿਅਕਤੀ, ਜੀਵ, ਥਾਂ, ਵਸਤੂ, ਹਾਲਤ, ਗੁਣ, ਭਾਵ ਆਦਿ ਦੇ ਨਾਂ ਨੂੰ ਨਾਂਵ ਕਿਹਾ ਜਾਂਦਾ ਹੈ।

ਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ :

(1) ਆਮ ਨਾਂਵ ਜਾਂ ਜਾਤੀਵਾਚਕ ਨਾਂਵ

(2) ਖ਼ਾਸ ਨਾਂਵ

(3) ਪਦਾਰਥਵਾਚਕ ਨਾਂਵ

(4) ਇਕੱਠਵਾਚਕ ਨਾਂਵ

(5) ਭਾਵਵਾਚਕ ਨਾਂਵ

ਇਸ ਪਾਠ ਵਿੱਚੋਂ ਹੋਰ ਨਾਂਵ ਚੁਣੋ।


**ਅਧਿਆਪਕ ਲਈ :**

ਪਾਠ ਪੜ੍ਹਾਉਣ ਸਮੇਂ ਸੌਂਫ, ਜਵੈਣ, ਪੁਦੀਨਾ, ਇਲਾਚੀ ਆਦਿ ਵਿਖਾ ਕੇ ਵਿਦਿਆਰਥੀਆਂ ਦੇ ਸੰਕਲਪ ਨੂੰ ਨਿਰਧਾਰਿਤ ਕਰੇ।

*****

## ਪਾਠ-3

# ਮਹਾਤਮਾ ਗਾਂਧੀ



ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਪੂਰਾ ਨਾਂ ਮੋਹਨਦਾਸ ਕਰਮਚੰਦ ਗਾਂਧੀ ਸੀ। ਉਹਨਾਂ ਦਾ ਜਨਮ 2 ਅਕਤੂਬਰ, 1869 ਈਸਵੀ ਨੂੰ ਗੁਜਰਾਤ ਦੇ ਪੋਰਬੰਦਰ ਵਿੱਚ ਹੋਇਆ। ਜਦੋਂ ਉਹਨਾਂ ਦਾ ਜਨਮ ਹੋਇਆ, ਭਾਰਤ ਅੰਗਰੇਜ਼ਾਂ ਦਾ ਗ਼ੁਲਾਮ ਸੀ। ਗਾਂਧੀ ਜੀ ਨੇ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਦੇਸ ਦੀ ਅਗਵਾਈ ਕੀਤੀ। ਉਹਨਾਂ ਦੇ ਵਿਚਾਰ ਬੜੇ ਉੱਚੇ ਤੇ ਸੁੱਚੇ ਸਨ। ਉਹਨਾਂ ਦੀ ਕਹਿਣੀ ਤੇ ਕਰਨੀ ਵਿੱਚ ਕੋਈ ਅੰਤਰ ਨਹੀਂ ਸੀ। ਉਹ ਸਭ ਮਨੁੱਖਾਂ ਨੂੰ ਇਕਸਮਾਨ ਸਮਝਦੇ ਸਨ। ਉਹਨਾਂ ਦੇ ਮਨ ਵਿੱਚ ਕਿਸੇ ਧਰਮ ਬਾਰੇ, ਕਿਸੇ ਜਾਤ ਬਾਰੇ ਕੋਈ ਬੁਰੀ ਭਾਵਨਾ ਨਹੀਂ ਸੀ। ਉਹਨਾਂ ਨੇ ਸਚਾਈ ਤੇ ਅਹਿੰਸਾ ਦਾ ਮਾਰਗ ਚੁਣਿਆ ਅਤੇ ਜੀਵਨ ਭਰ ਇਸੇ ਹੀ ਰਸਤੇ 'ਤੇ ਚੱਲਦੇ ਰਹੇ। ਆਪਣੇ ਮਹਾਨ ਵਿਚਾਰਾਂ ਕਰਕੇ ਹੀ ਉਹ ਮਹਾਤਮਾ ਬਣੇ। ਸਾਰਾ ਦੇਸ ਅੱਜ ਵੀ ਉਹਨਾਂ ਨੂੰ ਬਾਪੂ ਦੇ ਨਾਂ ਨਾਲ਼ ਯਾਦ ਕਰਦਾ ਹੈ।

ਗਾਂਧੀ ਜੀ ਜਦੋਂ ਛੋਟੇ ਸਨ ਤਾਂ ਉਹਨਾਂ ਨੂੰ 'ਹਰੀਸ਼ਚੰਦਰ' ਨਾਟਕ ਦੇਖਣ ਦਾ ਮੌਕਾ ਮਿਲ਼ਿਆ। ਗਾਂਧੀ ਜੀ ਹਰੀਸ਼ਚੰਦਰ ਦੇ ਚਰਿੱਤਰ ਤੋਂ ਬਹੁਤ ਪ੍ਰਭਾਵਿਤ ਹੋਏ। ਰਾਜਾ ਹਰੀਸ਼ਚੰਦਰ ਨੇ ਆਪਣੇ ਮੁਸੀਬਤ ਭਰੇ ਦਿਨਾਂ ਵਿੱਚ ਵੀ ਸਚਾਈ ਦਾ ਆਸਰਾ ਹੀ ਲਿਆ ਸੀ। ਹਰੀਸ਼ਚੰਦਰ ਦੇ ਸੱਤਿਆਵਾਦੀ ਸੁਭਾਅ ਦਾ ਗਾਂਧੀ ਜੀ ਦੇ ਮਨ 'ਤੇ ਡੂੰਘਾ ਅਸਰ ਹੋਇਆ। ਉਹ ਸੋਚਣ ਲਈ ਮਜ਼ਬੂਰ ਹੋ ਗਏ ਕਿ ਸਾਰੇ ਵਿਅਕਤੀ ਹਰੀਸ਼ਚੰਦਰ ਵਰਗੇ ਸੱਤਿਆਵਾਦੀ ਕਿਉਂ ਨਹੀਂ ਬਣ ਜਾਂਦੇ? ਹਰੀਸ਼ਚੰਦਰ ਦੀ ਸਚਾਈ ਗਾਂਧੀ ਜੀ ਲਈ ਪ੍ਰੇਰਨਾ-ਸ੍ਰੋਤ ਬਣੀ। ਇਸ ਸਚਾਈ ਦਾ ਲੜ ਉਹਨਾਂ ਨੇ ਜ਼ਿੰਦਗੀ ਭਰ ਫੜੀ ਰੱਖਿਆ। ਉਹਨਾਂ ਦਾ ਵਿਸ਼ਵਾਸ ਸੀ ਕਿ ਸੱਚ ਹੀ ਰੱਬ ਹੈ।

ਗਾਂਧੀ ਜੀ ਦੇ ਮਨ 'ਤੇ ਸਰਵਣ ਦੀ ਪਿਤਰੀ-ਭਗਤੀ ਦਾ ਵੀ ਬਹੁਤ ਪ੍ਰਭਾਵ ਪਿਆ। ਸਰਵਣ ਇੱਕ ਆਗਿਆਕਾਰੀ ਪੁੱਤਰ ਸੀ। ਉਸ ਦੇ ਬਿਰਧ ਨੇਤਰਹੀਣ ਮਾਂ-ਬਾਪ ਤੀਰਥ-ਯਾਤਰਾ ਕਰਨ ਦੀ ਇੱਛਾ ਰੱਖਦੇ ਸਨ। ਸਰਵਣ ਨੇ ਆਪਣੇ ਮਾਪਿਆਂ ਦੀ ਇੱਛਾ ਪੂਰੀ ਕਰਨ ਲਈ ਇੱਕ ਵਹਿੰਗੀ ਬਣਵਾਈ। ਉਸ ਨੇ ਆਪਣੇ ਮਾਪਿਆਂ ਨੂੰ ਵਹਿੰਗੀ ਵਿੱਚ

ਬਿਠਾਇਆ ਤੇ ਤੀਰਥਾਂ 'ਤੇ ਚੱਲ ਪਿਆ। ਗਾਂਧੀ ਜੀ ਮਾਤਾ-ਪਿਤਾ ਦੀ ਸੇਵਾ ਨੂੰ ਪਰਮ-ਧਰਮ ਮੰਨਦੇ ਸਨ। ਉਹਨਾਂ ਦਾ ਮੱਤ ਸੀ ਕਿ ਬੱਚਿਆਂ ਨੂੰ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

ਜਦੋਂ ਗਾਂਧੀ ਜੀ ਸਕੂਲ ਵਿੱਚ ਪੜ੍ਹਦੇ ਸਨ ਤਾਂ ਉਹਨਾਂ ਦੇ ਸਕੂਲ ਵਿੱਚ ਇੱਕ ਇਨਸੈਪੱਕਟਰ ਨਿਰੀਖਣ ਕਰਨ ਆਏ। ਉਹਨਾਂ ਨੇ ਬੱਚਿਆਂ ਦੀ ਲਿਆਕਤ ਪਰਖਣ ਲਈ ਸ਼੍ਰੇਣੀ ਵਿੱਚ ਵਿਦਿਆਰਥੀਆਂ ਨੂੰ ਕੁਝ ਸ਼ਬਦ-ਜੋੜ ਲਿਖਣ ਲਈ ਕਿਹਾ। ਗਾਂਧੀ ਜੀ ਨੇ ਪੰਜ ਸ਼ਬਦ-ਜੋੜਾਂ ਵਿੱਚੋਂ ਇੱਕ ਸ਼ਬਦ-ਜੋੜ ਗ਼ਲਤ ਲਿਖਿਆ। ਉਹਨਾਂ ਦੇ ਅਧਿਆਪਕ ਨੇ ਨਾਲ਼ ਦੇ ਸਹਿਪਾਠੀ ਦੇ ਠੀਕ ਸ਼ਬਦ ਦੀ ਨਕਲ ਕਰਨ ਲਈ ਇਸ਼ਾਰਾ ਕੀਤਾ ਤਾਂਜੋ ਉਹ ਆਪਣੀ ਗ਼ਲਤੀ ਠੀਕ ਕਰ ਲੈਣ ਪਰ ਉਹਨਾਂ ਨੇ ਅਜਿਹਾ ਨਹੀਂ ਕੀਤਾ। ਗਾਂਧੀ ਜੀ ਨੇ ਬਚਪਨ ਵਿੱਚ ਹੀ ਮਹਿਸੂਸ ਕਰ ਲਿਆ ਸੀ ਕਿ ਨਕਲ ਕਰਨਾ ਠੀਕ ਨਹੀਂ। ਨਕਲ ਕਰਕੇ ਅਸੀਂ ਆਪਣੇ-ਆਪ ਨੂੰ ਹੀ ਧੋਖਾ ਦਿੰਦੇ ਹਾਂ।

ਗਾਂਧੀ ਜੀ ਆਪਣੇ ਅਸੂਲਾਂ ਦੇ ਬੜੇ ਪੱਕੇ ਸਨ ਅਤੇ ਦ੍ਰਿੜ੍ਹ ਇਰਾਦਾ ਰੱਖਦੇ ਸਨ। ਜਦੋਂ ਗਾਂਧੀ ਜੀ ਉੱਚ ਸਿੱਖਿਆ ਲਈ ਇੰਗਲੈਂਡ ਜਾਣ ਲੱਗੇ ਤਾਂ ਉਹਨਾਂ ਦੀ ਮਾਤਾ ਨੇ ਵਚਨ ਲਿਆ ਕਿ ਉਹ ਕਦੇ ਮਾਸ ਅਤੇ ਸ਼ਰਾਬ ਦਾ ਸੇਵਨ ਨਹੀਂ ਕਰਨਗੇ। ਗਾਂਧੀ ਜੀ ਕਦੇ ਵੀ ਆਪਣੇ ਇਸ ਵਚਨ ਤੋਂ ਥਿੜ੍ਹਕੇ ਨਹੀਂ। ਉਹਨਾਂ ਨੇ ਆਪਣੇ ਦੋਸਤਾਂ-ਮਿੱਤਰਾਂ ਦੇ ਕਹਿਣ 'ਤੇ ਵੀ ਕਦੇ ਸ਼ਰਾਬ ਅਤੇ ਮਾਸ ਦਾ ਸੇਵਨ ਨਹੀਂ ਕੀਤਾ।

ਗਾਂਧੀ ਜੀ ਨੇ ਆਪਣੇ ਕੋਲ਼ ਤਿੰਨ ਬਾਂਦਰਾਂ ਦੀਆਂ ਮੂਰਤੀਆਂ ਰੱਖੀਆਂ ਹੋਈਆਂ ਸਨ। ਇੱਕ ਬਾਂਦਰ ਨੇ ਆਪਣੇ ਮੂੰਹ 'ਤੇ ਹੱਥ ਰੱਖਿਆ ਹੋਇਆ ਸੀ, ਦੂਜੇ ਨੇ ਆਪਣੀਆਂ ਅੱਖਾਂ 'ਤੇ ਹੱਥ ਰੱਖਿਆ ਹੋਇਆ ਸੀ ਅਤੇ ਤੀਜੇ ਬਾਂਦਰ ਨੇ ਆਪਣੇ ਕੰਨਾਂ 'ਤੇ ਹੱਥ ਰੱਖਿਆ ਹੋਇਆ ਸੀ। ਪਹਿਲਾ ਬਾਂਦਰ ਕਿਸੇ ਲਈ ਬੁਰਾ ਨਾ ਬੋਲਣ ਦਾ ਸੰਦੇਸ ਦਿੰਦਾ ਹੈ। ਦੂਜਾ, ਬੁਰਿਆਈ ਨਾ ਦੇਖਣ ਦਾ ਸੰਦੇਸ ਦਿੰਦਾ ਹੈ। ਤੀਜਾ ਬਾਂਦਰ ਬੁਰਿਆਈ ਨਾ ਸੁਣਨ ਦਾ ਸੰਦੇਸ ਦਿੰਦਾ ਹੈ। ਗਾਂਧੀ ਜੀ ਦੇ ਸਿਧਾਂਤ ਵੀ ਇਸ ਪ੍ਰਕਾਰ ਦੇ ਹੀ ਸਨ। ਉਹ ਜੀਵਨ ਭਰ ਕਿਸੇ ਦੇ ਦੋਸ਼ ਸੁਣਨ, ਦੇਖਣ ਜਾਂ ਬੋਲਣ ਲਈ ਤਿਆਰ ਨਹੀਂ ਹੋਏ।

ਗਾਂਧੀ ਜੀ ਨੇ ਦੇਸ ਨੂੰ ਅਜ਼ਾਦ ਕਰਵਾਉਣ ਲਈ ਅਹਿੰਸਾ ਦਾ ਮਾਰਗ ਚੁਣਿਆ। ਉਹਨਾ ਨੇ ਸੱਤਿਆਗ੍ਰਹਿ ਕੀਤੇ, ਵਿਦੇਸ਼ੀ ਵਸਤਾਂ ਦਾ ਤਿਆਗ ਕੀਤਾ ਅਤੇ ਦੇਸੀ ਵਸਤਾਂ ਵਰਤਣ ਦਾ ਅੰਦੋਲਨ ਚਲਾਇਆ। ਆਪਣੇ ਇਹਨਾਂ ਗੁਣਾਂ ਕਰਕੇ ਹੀ ਗਾਂਧੀ ਜੀ ਨੂੰ ਸਫਲਤਾ ਪ੍ਰਾਪਤ ਹੋਈ। ਉਹਨਾਂ ਨੇ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ, ਨਿਰਸ੍ਵਾਰਥ ਦੇਸ ਦੀ ਸੇਵਾ ਕਰਕੇ ਰਾਸ਼ਟਰ-ਪਿਤਾ ਹੋਣ ਦਾ ਮਾਣ ਪ੍ਰਾਪਤ ਕੀਤਾ। ਗਾਂਧੀ ਜੀ ਦੀਆਂ ਨੀਤੀਆਂ ਨੂੰ ਹੁਣ ਸਾਰਾ ਵਿਸ਼ਵ ਮਾਣ-ਸਨਮਾਨ ਦੇ ਰਿਹਾ ਹੈ। ਉਹਨਾਂ ਨੂੰ ਵਿਸ਼ਵ-ਪੱਧਰ 'ਤੇ ਅਹਿੰਸਾਵਾਦੀ ਹੋਣ ਦਾ ਮਾਣ ਦਿੰਦੀਆਂ ਹੋਇਆਂ, ਉਹਨਾਂ ਦੀ ਜਨਮ-ਮਿਤੀ 2 ਅਕਤੂਬਰ ਨੂੰ ਸੰਯੁਕਤ ਰਾਸ਼ਟਰ ਵੱਲੋਂ 'ਕੌਮਾਂਤਰੀ ਅਹਿੰਸਾ-ਦਿਵਸ' ਵਜੋਂ ਮਨਾਉਣਾ ਐਲਾਨਿਆ ਗਿਆ ਹੈ। ਗਾਂਧੀ ਜੀ ਭਾਰਤ ਦਾ ਚਾਨਣ-ਮੁਨਾਰਾ ਹਨ। ਸਾਨੂੰ ਉਹਨਾਂ ਦੇ ਪੂਰਨਿਆਂ 'ਤੇ ਚੱਲਣਾ ਚਾਹੀਦਾ ਹੈ।

## ਪਾਠ-ਅਭਿਆਸ

1. ਦੱਸੋ :

(ੳ) ਮਹਾਤਮਾ ਗਾਂਧੀ ਜੀ ਦਾ ਪੂਰਾ ਨਾਂ ਕੀ ਹੈ?

(ਅ) ਮਹਾਤਮਾ ਗਾਂਧੀ ਜੀ ਨੇ ਕਿਹੜਾ ਮਾਰਗ ਚੁਣਿਆ?

(ੲ) ਮਹਾਤਮਾ ਗਾਂਧੀ ਜੀ ਨੇ ਬਚਪਨ ਵਿੱਚ ਕਿਹੜਾ ਨਾਟਕ ਦੇਖਿਆ ਸੀ ਤੇ ਉਹਨਾਂ ਦੇ ਮਨ ਉੱਤੇ ਉਸ ਨਾਟਕ ਦਾ ਕਿਹੋ-ਜਿਹਾ ਪ੍ਰਭਾਵ ਪਿਆ ਸੀ?

(ਸ) ਗਾਂਧੀ ਜੀ ਦੇ ਮਨ ਉੱਤੇ ਸਰਵਣ ਦੀ ਪਿਤਰੀ-ਭਗਤੀ ਦਾ ਕੀ ਅਸਰ ਹੋਇਆ?

(ਹ) ਗਾਂਧੀ ਜੀ ਨੇ ਸਕੂਲ ਵਿੱਚ ਨਕਲ ਕਿਉਂ ਨਹੀਂ ਕੀਤੀ?

(ਕ) ਮਹਾਤਮਾ ਗਾਂਧੀ ਜੀ ਨੇ ਆਪਣੀ ਮਾਂ ਨੂੰ ਕਿਹੜਾ ਵਚਨ ਦਿੱਤਾ ਸੀ ?

(ਖ) ਮਹਾਤਮਾ ਗਾਂਧੀ ਜੀ ਦੇ ਤਿੰਨ ਬਾਂਦਰ ਕੀ ਸਿੱਖਿਆ ਦਿੰਦੇ ਹਨ ?

2. **ਖਾਲੀ ਥਾਵਾਂ ਭਰੋ :**

(ੳ) ਗਾਂਧੀ ਜੀ ਦੇ ਵਿਚਾਰ ਬੜੇ .................... ਤੇ .................... ਸਨ।
(ਅ) ਉਹਨਾਂ ਦਾ ਵਿਸ਼ਵਾਸ ਸੀ ਕਿ ਸੱਚ ਹੀ .................... ਹੈ।
(ੲ) ਗਾਂਧੀ ਜੀ ਮਾਤਾ-ਪਿਤਾ ਦੀ ਸੇਵਾ ਨੂੰ ਧਰਮ .................... ਮੰਨਦੇ ਸਨ।
(ਸ) ਗਾਂਧੀ ਜੀ ਆਪਣੇ ਅਸੂਲਾਂ ਦੇ ਬੜੇ .................... ਸਨ।
(ਹ) ਗਾਂਧੀ ਜੀ ਨੇ ਦੇਸ ਨੂੰ ਅਜ਼ਾਦ ਕਰਵਾਉਣ ਲਈ .................... ਦਾ ਮਾਰਗ ਚੁਣਿਆ।

3. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

ਅਹਿੰਸਾ, ਮੁਸੀਬਤ, ਗ਼ੁਲਾਮ, ਵਹਿੰਗੀ, ਸਹਿਪਾਠੀ, ਅਧਿਆਪਕ

4. **ਵਿਰੋਧੀ ਸ਼ਬਦ :**

ਹਿੰਸਾ - ਅਹਿੰਸਾ
ਸੁਆਰਥ - ਨਿਰਸੁਆਰਥ
ਵਿਦੇਸ਼ੀ - ਦੇਸੀ

## ਵਿਆਕਰਨ

ਆਮ ਨਾਂਵ ਜਾਂ ਜਾਤੀ ਵਾਚਕ ਨਾਂਵ ਉਹ ਸ਼ਬਦ ਹੁੰਦਾ ਹੈ ਜੋ ਕਿਸੇ ਜਾਤੀ ਦੀ ਹਰ ਇੱਕ ਵਸਤੂ ਲਈ ਸਾਂਝਾ ਵਰਤਿਆ ਜਾ ਸਕੇ।

ਉਦਾਹਰਨ ਵੇਖੋ :

| ਆਮ ਨਾਂਵ | | ਖ਼ਾਸ ਨਾਂਵ |
|---|---|---|
| ਦੇਸ | - | ਭਾਰਤ, ਇੰਗਲੈਂਡ |
| ਨਾਟਕ | - | ਹਰੀਸ਼ਚੰਦਰ ਦਾ ਨਾਟਕ |
| ਬਾਂਦਰ | - | ਗਾਂਧੀ ਜੀ ਦੇ ਤਿੰਨ ਬਾਂਦਰ |
| ਮਾਰਗ | - | ਅਹਿੰਸਾ ਦਾ ਮਾਰਗ |
| ਰਾਸ਼ਟਰ | - | ਸੰਯੁਕਤ ਰਾਸ਼ਟਰ |
| ਜਨਮ-ਸਥਾਨ | - | ਪੋਰਬੰਦਰ (ਗੁਜਰਾਤ) |

ਉੱਪਰ ਸੂਚੀ ਵਿੱਚ ਦੇਸ, ਨਾਟਕ, ਬਾਂਦਰ, ਮਾਰਗ, ਵਸਤਾਂ, ਰਾਸ਼ਟਰ ਆਦਿ ਸ਼ਬਦ ਆਮ ਨਾਂਵ ਜਾਂ ਜਾਤੀ ਵਾਚਕ ਨਾਂਵ ਹਨ। ਇਹਨਾਂ ਦੇ ਸਾਮ੍ਹਣੇ ਵਾਲ਼ੇ ਸ਼ਬਦ ਖ਼ਾਸ ਨਾਂਵ ਹਨ। ਖ਼ਾਸ ਨਾਂਵ ਸ਼ਬਦ ਕੇਵਲ ਇੱਕ ਖ਼ਾਸ ਜੀਵ, ਵਸਤੂ ਜਾਂ ਸਥਾਨ ਲਈ ਵਰਤਿਆ ਜਾਂਦਾ ਹੈ।

- 'ਮਹਾਤਮਾ ਗਾਂਧੀ' ਪਾਠ ਵਿੱਚੋਂ ਆਮ ਨਾਂਵ ਅਤੇ ਖ਼ਾਸ ਨਾਂਵ ਚੁਣੋ।

**ਅਧਿਆਪਕ ਲਈ :**

ਭਾਰਤ ਦੀ ਅਜ਼ਾਦੀ 'ਚ ਹਿੱਸਾ ਪਾਉਣ ਵਾਲ਼ੇ ਕੁਝ ਹੋਰ ਅਹਿਮ ਵਿਅਕਤੀਆਂ ਬਾਰੇ ਬੱਚਿਆਂ ਨੂੰ ਜਾਣੂ ਕਰਵਾਇਆ ਜਾਵੇ।

*****

## ਪਾਠ-4

# ਦੇਸ ਪੰਜਾਬ



ਸੋਹਣਿਆਂ ਦੇਸਾਂ ਅੰਦਰ, ਦੇਸ ਪੰਜਾਬ ਨੀ ਸਹੀਓ।
ਜਿਵੇਂ ਫੁੱਲਾਂ ਅੰਦਰ, ਫੁੱਲ ਗੁਲਾਬ ਨੀ ਸਹੀਓ

ਰਲ਼-ਮਿਲ਼ ਬਾਗੀਂ ਪੀਂਘਾਂ ਝੂਟਣ, ਕੁੜੀਆਂ ਨਾਗਰ ਵੇਲਾਂ।
ਜੋਸ਼ ਜਵਾਨੀ ਠਾਠਾਂ ਮਾਰੇ, ਲਿਸ਼ਕਣ ਹਾਰ-ਹਮੇਲਾਂ।

ਪਹਿਨਣ ਹੀਰੇ-ਮੋਤੀ, ਮੁੱਖ ਮਤਾਬ ਨੀ ਸਹੀਓ।
ਸੋਹਣਿਆਂ ਦੇਸਾਂ ਅੰਦਰ, ਦੇਸ ਪੰਜਾਬ ਨੀ ਸਹੀਓ।

ਜੁੜ ਮੁਟਿਆਰਾਂ ਤ੍ਰਿੰਞਣਾਂ ਦੇ ਵਿੱਚ, ਚਰਖੇ ਬੈਠ ਘੁਕਾਵਣ।
ਨਾਜ਼ਕ ਬਾਂਹ ਹੁਲਾਰ ਪਿਆਰੀ, ਤੰਦ ਤਰੱਕਲ਼ੇ ਪਾਵਣ।

ਸੀਨੇ ਅੱਗਾਂ ਲਾਵਣ, ਹੋਂਠ ਉਨਾਬ ਨੀ ਸਹੀਓ।
ਸੋਹਣਿਆਂ ਦੇਸਾਂ ਅੰਦਰ, ਦੇਸ ਪੰਜਾਬ ਨੀ ਸਹੀਓ।

ਮੌਜ ਲਾਈ ਦਰਿਆਵਾਂ ਸੋਹਣੀ, ਬਾਗ, ਜ਼ਮੀਨਾਂ ਫਲ਼ਦੇ।
'ਸ਼ਰਫ਼' ਪੰਜਾਬੀ ਧਰਤੀ ਉੱਤੇ, ਠੁਕਮ-ਠੁਮਕ ਪਏ ਚੱਲਦੇ।

ਸਤਲੁਜ, ਰਾਵੀ, ਜਿਹਲਮ, ਅਟਕ, ਚਨਾਬ ਨੀ ਸਹੀਓ।
ਸੋਹਣਿਆਂ ਦੇਸਾਂ ਅੰਦਰ, ਦੇਸ ਪੰਜਾਬ ਨੀ ਸਹੀਓ।

## ਪਾਠ-ਅਭਿਆਸ

1. ਦੱਸੋ :

(ੳ) ਕਵੀ ਨੇ ਪੰਜਾਬ ਦੇ ਸੁਹੱਪਣ ਦੀ ਤੁਲਨਾ ਕਿਸ ਫੁੱਲ ਨਾਲ਼ ਕੀਤੀ ਹੈ?

(ਅ) ਕਵੀ ਨੇ ਪੀਂਘਾਂ ਝੂਟਦੀਆਂ ਕੁੜੀਆਂ ਦੀ ਸਿਫ਼ਤ ਕੀ ਕਹਿ ਦੇ ਕੀਤੀ ਹੈ?

(ੲ) ਤ੍ਰਿੰਞਣ ਵਿੱਚ ਬੈਠ ਕੇ ਕੁੜੀਆਂ ਕੀ ਕਰਦੀਆਂ ਹਨ?

(ਸ) 'ਦੇਸ ਪੰਜਾਬ' ਕਵਿਤਾ ਵਿੱਚ ਆਏ ਦਰਿਆਵਾਂ ਦੇ ਨਾਂ ਲਿਖੋ।

(ਹ) ਇਸ ਕਵਿਤਾ ਅਨੁਸਾਰ ਪੰਜਾਬਣਾਂ ਦੇ ਪਹਿਰਾਵੇ ਬਾਰੇ ਦੱਸੋ।

2. **ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਨਾਗਰ | : | ਉੱਤਮ, ਸੁੰਦਰ, ਨਿਪੁੰਨ, ਚਤਰ |
| ਹਮੇਲ | : | ਔਰਤ ਦੇ ਗਲ਼ 'ਚ ਪਾਏ ਜਾਣ ਵਾਲ਼ੇ ਇੱਕ ਗਹਿਣੇ ਦੀ ਕਿਸਮ |
| ਮਤਾਬ | : | ਚੰਨ, ਚੰਦਰਮਾ |
| ਉਨਾਬ | : | ਇਕ ਰੁੱਖ ਜਾਂ ਉਸ ਦਾ ਬੇਰ ਵਰਗਾ ਫਲ਼, ਉਨਾਬੀ ਰੰਗ ਵਰਗਾ ਕਾਲ਼ੀ ਭਾਹ ਮਾਰਦਾ ਲਾਲ ਰੰਗ |
| ਤ੍ਰਿੰਞਣ | : | ਕੱਤਣ ਵਾਸਤੇ ਇਕੱਠੀਆਂ ਹੋਈਆਂ ਕੁੜੀਆਂ ਦੀ ਮੰਡਲੀ |
| ਨਾਜ਼ਕ | : | ਕੋਮਲ, ਮੁਲਾਇਮ, ਮਲੂਕ |
| ਤਰੱਕਲਾ | : | ਚਰਖੇ ਦੀ ਲੰਮੀ ਸੀਖ |
| ਠੁਮਕ-ਠੁਮਕ | : | ਨਖਰੇ ਨਾਲ਼ ਤੁਰਨਾ |

3. ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰੋ।

## ਵਿਆਕਰਨ

ਜਾਤੀਵਾਚਕ ਨਾਂਵ : ਜਿਹੜੇ ਸ਼ਬਦ ਜਾਤੀਵਾਚਕ ਨਾਂਵ ਦੀਆਂ ਵਸਤੂਆਂ ਦੇ ਸਮੁੱਚੇ ਇਕੱਠ ਲਈ ਵਰਤੇ ਜਾਣ, ਉਹ ਇਕੱਠਵਾਚਕ ਨਾਂਵ ਅਖਵਾਉਂਦੇ ਹਨ, ਜਿਵੇਂ :- ਫ਼ੌਜ, ਸ਼੍ਰੇਣੀ, ਜਥਾ, ਡਾਰ, ਵੱਗ ਆਦਿ।

- ਇਸ ਪਾਠ ਵਿੱਚੋਂ ਵਸਤੂਵਾਚਕ ਅਤੇ ਇਕੱਠਵਾਚਕ ਨਾਂਵਾਂ ਦੀ ਚੋਣ ਕਰੋ।

ਅਧਿਆਪਕ ਲਈ :

ਵਿਦਿਆਰਥੀਆਂ ਨੂੰ ਪੰਜਾਬ ਅਤੇ ਪੰਜਾਬੀ ਸੱਭਿਆਚਾਰ ਦੇ ਹੋਰ ਪਹਿਲੂਆਂ ਤੋਂ ਜਾਣੂ ਕਰਵਾਇਆ ਜਾਵੇ।

*****

# ਪਾਠ-5

# ਲਿਫ਼ਾਫ਼ੇ

ਪਿੰਡ ਦੀਆਂ ਗਲ਼ੀਆਂ ਵਿੱਚ ਸ਼ੋਰ ਪਿਆ ਹੋਇਆ ਸੀ। ਗੁਰਦੀਪ, ਮਨਜੀਤ ਅਤੇ ਸੰਤੋਖ ਚੀਕਾਂ ਮਾਰਦੇ ਸਕੂਲ ਵੱਲ ਨੱਠੇ ਜਾ ਰਹੇ ਸਨ। ਬਾਬਾ ਕਾਹਨ ਸਿੰਘ ਡਾਂਗ ਚੁੱਕੀ ਉਹਨਾਂ ਦੇ ਪਿੱਛੇ-ਪਿੱਛੇ ਦੌੜਦਾ ਆ ਰਿਹਾ ਸੀ। ਬੱਚਿਆਂ ਮਗਰ ਭੱਜਦਿਆਂ ਵਿਚਾਰੇ ਬਾਬੇ ਨੂੰ ਸਾਹ ਚੜ੍ਹ ਗਿਆ ਅਤੇ ਉਹ ਰੁਕ ਕੇ ਉੱਚੀ-ਉੱਚੀ ਬੋਲਣ ਲੱਗਿਆ, "ਠਹਿਰ ਤਾਂ ਜਾਓ, ਸ਼ੈਤਾਨੋ! ਇੱਕ ਵਾਰੀ ਮੇਰੇ ਹੱਥ ਆ ਜਾਓ ਸਹੀ, ਗਿੱਟੇ ਨਾ ਸੇਕ ਦਿਆਂ, ਤਾਂ!"

ਬੇਬੇ ਕਰਤਾਰੀ ਨੇ ਹਿੰਮਤ ਕਰਕੇ ਪੁੱਛਿਆ, "ਕਿਉਂ ਐਵੇਂ ਸ਼ੂਕਦਾ ਪਿਆ ਏਂ? ਆਹ ਤੇਰੀ ਉਮਰ ਏ, ਐਵੇਂ ਨਿਆਣਿਆਂ ਮਗਰ ਭੱਜਣ ਦੀ?"

ਬਾਬਾ ਗੁੱਸੇ ਨਾਲ਼ ਬੋਲਿਆ.... "ਕਰਤਾਰੀਏ ਤੈਨੂੰ ਨਹੀਂ ਪਤਾ, ਘਰੋਂ ਤਾਂ ਸਕੂਲ ਭੇਜਿਆ ਸੀ, ਇਹਨਾਂ ਸਪੂਤਾਂ ਨੂੰ। ਪਤਾ ਨਹੀਂ, ਪਿੰਡ ਦੀਆਂ ਗਲ਼ੀਆਂ ਵਿੱਚੋਂ ਕੀ ਖੇਹ-ਸੁਆਹ ਚੁਗਦੇ ਫਿਰਦੇ ਐ।"

ਬੇਬੇ ਨੇ ਰੋਕਿਆ, "ਬਹੁਤਾ ਗ਼ੁੱਸਾ ਨਾ ਕਰ, ਕੱਚੀ ਬੁੱਧ ਐ ਇਹਨਾਂ ਦੀ। ਆਪੇ ਸਮਝ ਜਾਣਗੇ ਵੱਡੇ ਹੋ ਕੇ।"

ਪਰ ਬਾਬੇ ਦਾ ਗ਼ੁੱਸਾ ਕਿੱਥੇ ਠੰਢਾ ਹੋਣ ਵਾਲ਼ਾ ਸੀ। ਉਹ ਡਾਂਗ ਖੜਤਾਉਂਦਾ ਹੋਇਆ ਪੋਤਿਆਂ ਦੇ ਮਗਰੇ-ਮਗਰ ਸਕੂਲ ਚਲਾ ਗਿਆ।

ਮਾਸਟਰ ਜੀ ਸਟਾਫ਼-ਰੂਮ ਵਿੱਚ ਬੈਠੇ ਕਾਪੀਆਂ ਚੈੱਕ ਕਰ ਰਹੇ ਸਨ। ਬੱਚਿਆਂ ਨੂੰ ਵੀ ਭੱਜ-ਭੱਜ ਕੇ ਏਨਾ ਸਾਹ ਚੜ੍ਹਿਆ ਸੀ ਕਿ ਉਹਨਾਂ ਦੇ ਮੂੰਹੋਂ ਗੱਲ ਨਹੀਂ ਸੀ ਨਿਕਲ਼ ਰਹੀ। ਬਾਬਾ ਡਾਂਗ ਚੁੱਕੀ ਉਹਨਾਂ ਦੇ ਪਿੱਛੇ-ਪਿੱਛੇ ਆ ਰਿਹਾ ਸੀ। ਵੱਡੇ ਗੁਰਦੀਪ ਨੇ ਹਿੰਮਤ ਕਰਕੇ ਕਿਹਾ, "ਮਾਸਟਰ ਜੀ, ਸਾਡੇ ਬਾਬਾ ਜੀ ਨੂੰ ਰੋਕੋ........ " ਅਤੇ ਉਸ ਨੇ ਬਾਹਰ ਵੱਲ ਇਸ਼ਾਰਾ ਕੀਤਾ।

ਬਾਬਾ ਕਾਹਨ ਸਿੰਘ ਮਾਸਟਰ ਜੀ ਕੋਲ਼ ਪਹੁੰਚ ਕੇ ਗਰਜ ਕੇ ਬੋਲੇ, "ਮਾਸਟਰ ਜੀ, ਇਹ ਨਿਆਣੇ ਬਾਹਰ ਕੀ ਕਰਦੇ ਫਿਰਦੈ ਐ? ਅਸੀਂ ਤਾਂ ਤੁਹਾਡੇ ਕੋਲ਼ ਭੇਜਿਆ ਸੀ ਕਿ ਚਾਰ ਅੱਖਰ ਪੜ੍ਹ ਲੈਣਗੇ।"

ਮਾਸਟਰ ਜੀ ਨੇ ਬਾਬਾ ਜੀ ਨੂੰ ਬੈਠਣ ਲਈ ਕੁਰਸੀ ਦਿੱਤੀ ਅਤੇ ਕਿਹਾ..... "ਬਾਬਾ ਜੀ, ਇਹਨਾਂ ਬੱਚਿਆਂ ਨੂੰ ਪਿੰਡ ਦੇ ਆਲ਼ੇ-ਦੁਆਲ਼ੇ ਨੂੰ ਸਾਫ਼ ਕਰਨ ਲਈ ਭੇਜਿਆ ਸੀ। ਇਹਨਾਂ ਦੀ ਤਰ੍ਹਾਂ ਹੋਰ ਬੱਚਿਆਂ ਦੀ ਵੀ ਇੱਕ ਘੰਟੇ ਲਈ ਡਿਊਟੀ ਲਾਈ ਗਈ ਏ।"

ਬਾਬਾ ਜੀ ਬੋਲੇ, "ਪਰ ਇਹ ਤਾਂ ਮੋਮਜਾਮੇ ਦੇ ਲਿਫ਼ਾਫ਼ੇ ਇਕੱਠੇ ਕਰਦੇ ਸੀ। ਭਲਾ, ਇਹਦੀ ਕੀ ਲੋੜ, ਲਿਫ਼ਾਫੇ ਤਾਂ ਆਪੇ ਹੀ ਹਵਾ ਵਿੱਚ ਇੱਧਰ-ਉੱਧਰ ਉੱਡ ਜਾਂਦੇ ਨੇ।"

ਮਾਸਟਰ ਜੀ ਨੇ ਬੱਚਿਆਂ ਨੂੰ ਬੈਠਣ ਦਾ ਇਸ਼ਾਰਾ ਕੀਤਾ ਅਤੇ ਕਹਿਣ ਲੱਗਾ, "ਬਾਬਾ ਜੀ, ਤੁਹਾਨੂੰ ਤਾਂ ਪਤੈ.... ਇਹ ਪਲਾਸਟਿਕ ਦੇ ਲਿਫ਼ਾਫ਼ੇ ਸਾਰੇ ਵਾਤਾਵਰਨ ਨੂੰ ਦੂਸ਼ਿਤ ਕਰਦੇ ਹਨ। ਇਹ ਨਾ ਗਲ਼ਦੇ ਹਨ ਅਤੇ ਨਾ ਹੀ ਸੜਦੇ ਹਨ। ਉੱਡ ਕੇ ਇਹ ਨਾਲ਼ੀਆਂ ਵਿੱਚ ਚਲੇ ਜਾਂਦੇ ਹਨ ਅਤੇ ਪਾਣੀ ਦਾ ਰਸਤਾ ਰੋਕ ਦਿੰਦੇ ਹਨ। ਨਾਲ਼ੀਆ ਦਾ ਗੰਦਾ ਪਾਣੀ ਗਲ਼ੀਆਂ ਵਿੱਚ ਇਕੱਠਾ ਹੋ ਜਾਂਦਾ ਹੈ ਅਤੇ ਫਿਰ ਸਭ ਪਾਸੇ ਸੜ੍ਹਾਂਦ ਮਾਰਦਾ ਹੈ।"

"ਓ-ਹੋ, ਹੁਣ ਸਮਝ ਆਈ ਕਿ ਪਿੰਡ ਦੀਆਂ ਨਾਲ਼ੀਆਂ ਬੰਦ ਕਿਉਂ ਰਹਿੰਦੀਆਂ ਨੇ?" ਬਾਬਾ ਜੀ ਨੇ ਸਿਰ ਹਿਲਾਉਂਦੇ ਹੋਏ ਆਖਿਆ। ਫਿਰ ਮੱਥੇ 'ਤੇ ਹੱਥ ਫੇਰਦੇ ਹੋਏ ਉਹ ਥੋੜ੍ਹੀ ਦੇਰ ਰੁਕ ਕੇ ਬੋਲੇ...... "ਹਾਂ, ਚੇਤੇ ਆਈ ਗੱਲ। ਉਸ ਦਿਨ



ਮੈਂ ਖੇਤਾਂ ਨੂੰ ਪਾਣੀ ਲਾ ਰਿਹਾ ਸਾਂ..... ਪਾਣੀ ਤਾਂ ਕੀੜੀ ਦੀ ਚਾਲ ਤੁਰਿਆ ਆ ਰਿਹਾ ਸੀ। ਵੇਖਿਆ ਤਾਂ ਖਾਲ਼ ਵਿੱਚ ਮੋਮਜਾਮੇ ਦੇ ਲਿਫ਼ਾਫੇ ਫਸੇ ਪਏ ਸਨ। ਲਿਫ਼ਾਫ਼ੇ ਬਾਹਰ ਕੱਢੇ ਤਾਂ ਜਾ ਕੇ ਖੇਤਾਂ ਨੂੰ ਪਾਣੀ ਤੁਰਿਆ।"

"ਬਾਬਾ ਜੀ, ਇਹ ਲਿਫ਼ਾਫ਼ੇ ਖਾ ਕੇ ਕਈ ਡੰਗਰ ਵੀ ਮਰ ਜਾਂਦੇ ਨੇ", ਗੁਰਦੀਪ ਬੋਲਿਆ।

"ਹੈਂ! ਇਹ ਵੀ ਹੋ ਸਕਦੈ ?" ਬਾਬਾ ਜੀ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸਨ।

"ਗੁਰਦੀਪ ਠੀਕ ਕਹਿ ਰਿਹਾ ਏ, ਬਾਬਾ ਜੀ! ਲੋਕੀਂ ਘਰ ਦਾ ਸਾਰਾ ਕੂੜਾ-ਕਰਕਟ, ਕੱਚ, ਬਲੇਡ, ਸੂਈਆਂ, ਪਿੰਨਾਂ ਆਦਿ ਲਿਫ਼ਾਫ਼ੇ ਵਿੱਚ ਬੰਦ ਕਰਕੇ ਬਾਹਰ ਸੁੱਟ ਦਿੰਦੇ ਹਨ। ਡੰਗਰ ਭੋਜਨ ਦੀ ਤਲਾਸ਼ ਕਰਦੇ ਇਹ ਲਿਫ਼ਾਫ਼ੇ ਖੋਲ੍ਹ ਲੈਂਦੇ ਹਨ ਅਤੇ ਕੱਚ ਤੇ ਬਲੇਡ ਵਰਗੀਆਂ ਤਿੱਖੀਆਂ ਚੀਜ਼ਾਂ ਦੁਆਰਾ ਜ਼ਖ਼ਮੀ ਹੋ ਜਾਂਦੇ ਹਨ। ਕਈ ਵਾਰ ਇਹ ਲਿਫ਼ਾਫ਼ੇ ਭੋਜਨ-ਨਲ਼ੀ ਵਿੱਚ ਅਟਕ ਜਾਂਦੇ ਹਨ ਅਤੇ ਡੰਗਰ ਦੀ ਮੌਤ ਹੋ ਜਾਂਦੀ ਹੈ।"

"ਫੇਰ ਤਾਂ ਲਿਫ਼ਾਫ਼ੇ ਇਕੱਠੇ ਕਰਕੇ ਅੱਗ ਲਾ ਦੇਣੀ ਚਾਹੀਦੀ ਹੈ," ਬਾਬਾ ਜੀ ਨੇ ਕਿਹਾ।

"ਪਰ ਅੱਗ ਲਾਉਣੀ ਵੀ ਤਾਂ ਖ਼ਤਰਨਾਕ ਹੈ ਕਿਉਂਕਿ ਪੌਲੀਥੀਨ ਅੰਦਰ ਜ਼ਹਿਰੀਲੇ ਪਦਾਰਥ ਹੁੰਦੇ ਹਨ। ਇਹਨਾਂ ਦੇ ਬਲ਼ਨ 'ਤੇ ਪੈਦਾ ਹੋਣ ਵਾਲ਼ੀਆਂ ਗੈਸਾਂ ਸਿਹਤ ਲਈ ਬਹੁਤ ਹਾਨੀਕਾਰਕ ਹਨ।" ਮਾਸਟਰ ਜੀ ਨੇ ਦੱਸਿਆ।

"ਤਾਂ ਫਿਰ ਇਹਨਾਂ ਲਿਫ਼ਾਫ਼ਿਆਂ ਨੂੰ ਜ਼ਮੀਨ ਹੇਠਾਂ ਦੱਬ ਦਿਓ ਜਾਂ ਨਹਿਰ ਵਿੱਚ ਹੀ ਸੁੱਟ ਦਿਓ", ਬਾਬਾ ਜੀ ਖਿਝ ਕੇ ਬੋਲੇ।

"ਜ਼ਮੀਨ ਹੇਠਾਂ ਦੱਬ ਦਿਆਂਗੇ ਤਾਂ ਮਿੱਟੀ ਦੀ ਉਪਜਾਊ-ਸ਼ਕਤੀ ਘਟ ਜਾਵੇਗੀ ਕਿਉਂਕਿ ਇਹ ਗਲ਼ਦੇ ਤਾਂ ਹੈ ਨਹੀਂ। ਵਹਿੰਦੇ ਪਾਣੀ ਵਿੱਚ ਸੁੱਟ ਦਿਆਂਗੇ ਤਾਂ ਮੱਛੀਆਂ ਅਤੇ ਪਾਣੀ ਦੇ ਜੀਵ ਇਹਨਾਂ ਨੂੰ ਨਿਗਲ਼ ਕੇ ਮਾਰ ਜਾਣਗੇ," ਮਾਸਟਰ ਜੀ ਨੇ ਦੱਸਿਆ।

"ਤਾਂ ਤੇ ਇਹ ਕਦੇ ਮੁੱਕਣ 'ਚ ਈ ਨਹੀਂ ਆਉਣੇ," ਬਾਬਾ ਜੀ ਬਹੁਤ ਬੇਚੈਨ ਹੋ ਰਹੇ ਸਨ।

"ਸਭ ਤੋਂ ਚੰਗੀ ਗੱਲ ਤਾਂ ਇਹ ਹੈ ਕਿ ਇਹਨਾਂ ਦੀ ਵਰਤੋਂ ਬੰਦ ਕੀਤੀ ਜਾਵੇ। ਕਾਗਜ਼ ਦੇ ਬਣੇ ਲਿਫ਼ਾਫ਼ੇ ਜਾਂ ਕੱਪੜੇ ਦੇ ਥੈਲੇ ਵਰਤੇ ਜਾਣ," ਮਾਸਟਰ ਜੀ ਨੇ ਕਿਹਾ।

"ਪਰ ਬਿਮਾਰੀ ਨੂੰ ਜੜ੍ਹ ਤੋਂ ਕਿਉਂ ਨਹੀਂ ਕੱਟ ਦਿੰਦੇ, ਬੰਦ ਹੀ ਕਰ ਦਿਓ, ਬਣਾਉਣੇ," ਬਾਬਾ ਜੀ ਗੁੱਸੇ ਵਿੱਚ ਬੋਲੇ।

"ਸਰਕਾਰ ਨੇ ਕਈ ਥਾਂਵਾਂ 'ਤੇ ਕਨੂੰਨੀ ਤੌਰ 'ਤੇ ਇਹਨਾਂ ਲਿਫ਼ਾਫ਼ਿਆਂ ਦੀ ਵਰਤੋਂ ਬੰਦ ਕਰ ਦਿੱਤੀ ਹੈ। ਖ਼ਾਸ ਤੌਰ 'ਤੇ ਸੈਰ-ਸਪਾਟੇ ਵਾਲ਼ੀਆਂ ਥਾਂਵਾਂ, ਜਿਵੇਂ ਕਿ ਹਿਮਾਚਲ ਪ੍ਰਦੇਸ਼ ਵਿੱਚ ਸਥਿਤ ਪਹਾੜੀ ਸਥਾਨਾਂ ਵਿੱਚ ਇਹਨਾਂ ਦੀ ਵਰਤੋਂ ਉੱਤੇ ਰੋਕ ਲਈ ਜਾ ਚੁੱਕੀ ਹੈ। ਸਰਕਾਰ ਹੋਰ ਵੀ ਕਈ ਕਦਮ ਚੁੱਕ ਰਹੀ ਹੈ।"

ਮਾਸਟਰ ਜੀ ਦੀ ਗੱਲ ਸੁਣ ਕੇ ਬਾਬਾ ਜੀ ਨੇ ਹੁੰਗਾਰਾ ਭਰਿਆ।

"ਮਾਸਟਰ ਜੀ, ਫਿਰ ਤਾਂ ਮੇਰੇ ਪੋਤੇ ਬੜਾ ਹੀ ਚੰਗਾ ਕੰਮ ਕਰ ਰਹੇ ਐ। ਮੇਰੀ ਤਾਂ ਮੱਤ ਹੀ ਮਾਰੀ ਗਈ ਜੋ ਬਿਨਾਂ ਸੋਚੇ-ਸਮਝੇ ਮੈਂ ਏਨਾ ਗ਼ੁੱਸਾ ਕੀਤਾ।" ਬਾਬਾ ਜੀ ਨੂੰ ਆਪਣੇ ਕੀਤੇ 'ਤੇ ਅਫ਼ਸੋਸ ਸੀ। ਹੁਣ ਉਹਨਾਂ ਦੇ ਪੋਤਿਆਂ ਦੇ ਚਿਹਰਿਆਂ 'ਤੇ ਮੁਸਕਰਾਹਟ ਝਲਕ ਰਹੀ ਸੀ। ਬਾਬਾ ਜੀ ਨੇ ਪੋਤਿਆਂ ਦੇ ਸਿਰਾਂ ਉੱਤੇ ਹੱਥ ਫੇਰਿਆ ਅਤੇ ਜਾਣ ਲਈ ਤਿਆਰ ਹੋ ਗਏ। ਜਿਵੇਂ ਹੀ ਉਹ ਸਕੂਲ ਦੇ ਗੇਟ ਤੋਂ ਬਾਹਰ ਨਿਕਲ਼ੇ, ਕਈ ਹੋਰ ਬੱਚੇ ਮੋਮੀ ਲਿਫ਼ਾਫ਼ਿਆਂ ਨਾਲ਼ ਭਰੀਆਂ ਬੋਰੀਆਂ ਨੂੰ ਰੱਸੀਆਂ ਨਾਲ਼ ਘਸੀਟਦੇ ਗੇਟ ਕੋਲ਼ ਆ ਖੜ੍ਹੇ। ਬਾਬਾ ਕਾਹਨ ਸਿੰਘ ਦੇ ਮੂੰਹੋਂ ਅਚਨਚੇਤੀ ਨਿਕਲ਼ਿਆ, "ਸ਼ਾਬਾਸ਼! ਮੁੰਡਿਓ, ਆਹ ਤਾਂ ਬੜੀ ਵੱਡੀ ਮੱਲ ਮਾਰੀ ਐ, ਅੱਜ" ਅਤੇ ਉਹਨਾਂ ਦੇ ਸਿਰਾਂ 'ਤੇ ਹੱਥ ਫੇਰਦੇ ਉਹ ਖੇਤਾਂ ਵੱਲ ਤੁਰ ਪਏ।

## ਪਾਠ-ਅਭਿਆਸ

### 1. ਦੱਸੋ :

(ੳ) ਬੱਚੇ ਸਕੂਲ ਤੋਂ ਬਾਹਰ ਕੀ ਕਰਨ ਗਏ ਸਨ?

(ਅ) ਮੋਮਜਾਮੇ ਦੇ ਲਿਫ਼ਾਫ਼ੇ ਵਾਤਾਵਰਨ ਨੂੰ ਕਿਵੇਂ ਦੂਸ਼ਿਤ ਕਰਦੇ ਹਨ?

(ੲ) ਘਰ ਦਾ ਕੂੜਾ-ਕਰਕਟ ਲਿਫ਼ਾਫ਼ਿਆਂ ਵਿੱਚ ਪਾ ਕੇ ਬਾਹਰ ਕਿਉਂ ਨਹੀਂ ਸੁੱਟਣਾ ਚਾਹੀਦਾ?

(ਸ) ਲਿਫ਼ਾਫ਼ਿਆਂ ਦੀ ਵਰਤੋਂ ਬਾਰੇ ਸਰਕਾਰ ਕੀ ਕਰ ਰਹੀ ਹੈ?

(ਹ) ਲਿਫ਼ਾਫ਼ਿਆਂ ਦੀਆਂ ਬੋਰੀਆਂ ਲਿਆ ਰਹੇ ਬੱਚਿਆਂ ਨੂੰ ਦੇਖ ਕੇ ਬਾਬਾ ਕਾਹਨ ਸਿੰਘ ਨੇ ਕੀ ਕਿਹਾ?

(ਕ) ਪਲਾਸਟਿਕ ਜਾਂ ਮੋਮਜਾਮੇ ਦੇ ਲਿਫ਼ਾਫ਼ੇ ਹੋਰ ਕਿਹੜੀ ਥਾਂ 'ਤੇ ਨੁਕਸਾਨ ਪਹੁੰਚਾਉਂਦੇ ਹਨ?

### 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਸਕੂਲ, ਵਾਤਾਵਰਨ, ਮੋਮਜਾਮੇ, ਖ਼ਤਰਨਾਕ, ਬੈਚੇਨ, ਹਿੰਮਤ

### 3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਸਪੂਤ | : | ਚੰਗਾ ਪੁੱਤਰ, ਆਗਿਆਕਾਰ ਪੁੱਤਰ |
| ਦੂਸ਼ਿਤ | : | ਮੈਲ਼ਾ, ਮਲੀਨ |
| ਸ਼ਕਤੀ | : | ਤਾਕਤ |
| ਹਾਨੀਕਾਰਕ | : | ਨੁਕਸਾਨਦੇਹ, ਨੁਕਸਾਨਦਾਇਕ |
| ਉਪਜਾਊ | : | ਜਿਸ ਥਾਂ ਪੈਦਾਵਾਰ ਬਹੁਤ ਹੋਵੇ। |

3. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ :

(ੳ) "ਕਿਉਂ ਐਵੇਂ ਸ਼ੂਕਦਾ ਪਿਆ ਏਂ ? ਆਹ ਤੇਰੀ ਉਮਰ ਏ, ਐਵੇਂ ਨਿਆਣਿਆਂ ਦੇ ਮਗਰ ਭੱਜਣ ਦੀ ?"

(ਅ) "ਸ਼ੈਤਾਨੋ ! ਇੱਕ ਵਾਰੀ ਮੇਰੇ ਹੱਥ ਆ ਜਾਓ ਸਹੀ, ਗਿੱਟੇ ਨਾ ਸੇਕ ਦਿਆਂ, ਤਾਂ !"

(ੲ) "ਪਰ ਅੱਗ ਲਾਉਣੀ ਵੀ ਤਾਂ ਖ਼ਤਰਨਾਕ ਹੈ ਕਿਉਂਕਿ ਪੌਲੀਥੀਨ ਅੰਦਰ ਜ਼ਹਿਰੀਲੇ ਪਦਾਰਥ ਹੁੰਦੇ ਹਨ।"

4. ਖਾਲੀ ਥਾਵਾਂ ਭਰੋ :

(ੳ) .................... ਦੇ ਲਿਫ਼ਾਫ਼ੇ ਸਾਰੇ ਵਾਤਾਵਰਨ ਨੂੰ ਦੂਸ਼ਿਤ ਕਰਦੇ ਹਨ।

(ਅ) ਪੌਲੀਥੀਨ ਅੰਦਰ .................... ਪਦਾਰਥ ਹੁੰਦੇ ਹਨ।

(ੲ) ਪਲਾਸਟਿਕ ਦੇ ਲਿਫ਼ਾਫ਼ਿਆਂ ਨੂੰ ਮਿੱਟੀ ਵਿੱਚ ਦੱਬਣ ਨਾਲ਼ ਜ਼ਮੀਨ ਦੀ .................... ਘੱਟ ਜਾਵੇਗੀ।

## ਵਿਆਕਰਨ :

ਹੇਠ ਲਿਖੇ ਸ਼ਬਦ ਕਿਹੜੀ ਪ੍ਰਕਾਰ ਦੇ ਨਾਂਵ ਹਨ :

ਪਿੰਡ, ਸਕੂਲ, ਮਨਜੀਤ, ਸੰਤੋਖ, ਮਾਸਟਰ ਜੀ, ਲਿਫ਼ਾਫ਼ੇ, ਕੂੜਾ-ਕਰਕਟ, ਸਰਕਾਰ, ਬਾਬਾ ਜੀ

ਅਧਿਆਪਕ ਲਈ :

ਵਿਦਿਆਰਥੀਆਂ ਨੂੰ ਪਲਾਸਟਿਕ ਦੇ ਲਿਫ਼ਾਫ਼ੇ ਅਤੇ ਪ੍ਰਦੂਸ਼ਣ ਫੈਲਾਉਣ ਵਾਲ਼ੀ ਹੋਰ ਸਮਗਰੀ ਦਾ ਨਿਪਟਾਰਾ ਕਰਨ ਸੰਬੰਧੀ ਢੁਕਵੀਂ ਜਾਣਕਾਰੀ ਪ੍ਰਦਾਨ ਕਰੋ।

*****

# ਪਾਠ-6

# ਬਾਬਾ ਬੁੱਢਾ ਜੀ

ਬੂੜੇ ਨਾਂ ਦਾ ਇੱਕ ਬਾਲਕ ਗਊਆਂ ਚਰਾਉਂਦਾ ਫਿਰਦਾ ਸੀ। ਬਣਾਂ ਵਿੱਚ ਸਾਰਾ ਦਿਨ ਵਾਗੀਆਂ ਵਾਂਗ ਫਿਰਦਾ ਰਹਿੰਦਾ। ਤਕਾਲ਼ਾਂ ਪੈਂਦੀਆਂ ਤਾਂ ਵੱਗ ਨੂੰ ਹਿੱਕ ਕੇ ਘਰ ਵੱਲ ਲੈ ਜਾਂਦਾ। ਬੂੜਾ ਬੜਾ ਸੁਲਝਿਆ ਹੋਇਆ ਬਾਲਕ ਸੀ। ਸ਼ੁਰੂ ਤੋਂ ਹੀ ਡੂੰਘੀਆਂ ਸੋਚਾਂ ਸੋਚਦਾ ਸੀ। ਇੱਕ ਦਿਨ ਗਊਆਂ ਚਰਾਉਂਦੇ-ਚਰਾਉਂਦੇ ਨੇ ਰਾਵੀ ਦੇ ਕਿਨਾਰੇ ਗੁਰੂ ਨਾਨਕ ਦੇਵ ਜੀ ਨੂੰ ਅੰਤਰ-ਧਿਆਨ ਬੈਠਿਆਂ ਵੇਖਿਆ। ਗਊਆਂ ਚਰਾਉਂਦਾ ਘੜੀ-ਮੁੜੀ ਉੱਧਰ ਫੇਰਾ ਮਾਰਦਾ ਤੇ ਵੇਖਦਾ ਕਿ ਇੱਕ ਮਹਾਤਮਾ ਉਸੇ ਤਰ੍ਹਾਂ ਅਡੋਲ ਸਮਾਧੀ ਲਾਈ ਬੈਠੇ ਹਨ। ਚਿਹਰੇ ਉੱਤੇ ਅਨੋਖਾ ਨੂਰ ਹੈ।

ਬੂੜੇ ਦੇ ਮਨ ਵਿੱਚ ਪਤਾ ਨਹੀਂ ਕੀ ਖ਼ਿਆਲ ਆਇਆ। ਉਹ ਨੇੜੇ ਹੀ ਖੂਹ ਵਿੱਚ ਉੱਤਰ ਕੇ ਪਾਣੀ ਦੀ ਇੱਕ ਟਿੰਡ ਖੋਲ੍ਹ ਕੇ ਲਿਆਇਆ। ਇੱਕ ਹੋਰ ਸਾਫ਼ ਟਿੰਡ ਵਿੱਚ ਗਾਂ ਦਾ ਦੁੱਧ ਚੋ ਲਿਆਇਆ ਤੇ ਦੋਂਹਾਂ ਟਿੰਡਾਂ ਨੂੰ ਗੁਰੂ ਜੀ ਅੱਗੇ ਰੱਖ ਕੇ ਚਰਨੀਂ ਢਹਿ ਪਿਆ।

ਗੁਰੂ ਜੀ ਮੁਸਕਰਾ ਕੇ ਪੁੱਛਣ ਲੱਗੇ, "ਹੇ ਬਾਲਕ! ਤੈਨੂੰ ਕੀ ਚਾਹੀਦਾ ਹੈ? ਬੜਾ ਉਦਾਸ ਦਿਸ ਰਿਹਾ ਹੈਂ?" ਬੂੜਾ ਕਹਿਣ ਲੱਗਾ, "ਗੁਰੂ ਜੀ! ਮੈਨੂੰ ਸਾਰਾ ਵਕਤ ਮੌਤ ਦਾ ਡਰ ਰਹਿੰਦਾ ਹੈ। ਮੈਨੂੰ ਰਾਤ ਨੂੰ ਵੀ ਚੰਗੀ ਤਰ੍ਹਾਂ ਨੀਂਦ ਨਹੀਂ ਆਉਂਦੀ।"

ਗੁਰੂ ਜੀ ਕਹਿਣ ਲੱਗੇ, "ਤੂੰ ਤੇ ਅਜੇ ਛੋਟਾ ਜਿਹਾ ਬਾਲਕ ਹੈਂ। ਤੂੰ ਏਨੀਆਂ ਵੱਡਿਆਂ ਵਾਲ਼ੀਆਂ ਗੱਲਾਂ ਕਰ ਰਿਹਾ ਹੈ। ਤੈਨੂੰ ਕਿਸ ਨੇ ਇਹੋ-ਜਿਹਾ ਡਰ ਪਾਇਆ ਹੈ?"

ਇਹ ਸੁਣ ਕੇ ਬੂੜੇ ਨੇ ਸਾਰੀ ਗੱਲ ਸੁਣਾਈ ਤੇ ਕਹਿਣ ਲੱਗਾ, "ਗੁਰੂ ਜੀ, ਇੱਕ ਦਿਨ ਮੇਰੀ ਮਾਂ ਅੱਗ ਬਾਲ਼ ਰਹੀ ਸੀ। ਪਹਿਲਾਂ ਉਸ ਨੇ ਛੋਟੀਆਂ ਲੱਕੜੀਆਂ ਲਾਈਆਂ ਤੇ ਫੇਰ ਵੱਡੀਆਂ। ਮੈਂ ਧਿਆਨ ਨਾਲ਼ ਵੇਖਦਾ ਰਿਹਾ। ਪਹਿਲਾਂ ਛੋਟੀਆਂ-ਛੋਟੀਆਂ ਲੱਕੜਾਂ ਬਲ਼ੀਆਂ ਤੇ ਫੇਰ ਪਿੱਛੋਂ ਵੱਡੀਆਂ ਨੂੰ ਅੱਗ ਲੱਗੀ। ਮੇਰੇ ਮਨ ਵਿੱਚ ਡਰ ਹੈ ਕਿ ਜਿਵੇਂ ਪਹਿਲਾਂ ਛੋਟੀ ਲੱਕੜ ਨੂੰ ਅੱਗ ਲੱਗ ਗਈ ਹੈ, ਇਸੇ ਤਰ੍ਹਾਂ ਮੈਂ ਵੀ ਛੋਟੀ ਉਮਰੇ ਹੀ ਨਾ ਮਰ ਜਾਵਾਂ। ਇੱਕ ਹੋਰ ਘਟਨਾ ਨੇ ਵੀ ਮੇਰੇ ਮਨ 'ਤੇ ਡੂੰਘਾ ਘਾਅ ਕੀਤਾ। ਕੁਝ ਚਿਰ ਹੋਇਆ ਕਿ ਇੱਕ ਦੁਸ਼ਮਣ ਦਾ ਦਲ ਆਇਆ। ਉਹਨਾਂ ਨੇ ਆਪਣੀਆਂ ਘੋੜੀਆਂ ਦੇ ਖਾਣ ਲਈ ਖੇਤ ਵਿੱਚੋਂ ਕੱਚੀ-ਪੱਕੀ ਸਾਰੀ ਫ਼ਸਲ ਵੱਢ ਲਈ। ਸਾਰੇ ਵੇਖਦੇ ਹੀ ਰਹਿ ਗਏ। ਡਾਢਿਆਂ ਅੱਗੇ ਕਿਸੇ ਦੀ ਪੇਸ਼ ਨਹੀਂ ਗਈ। ਜੇ ਜਮ ਮੈਨੂੰ ਹੁਣੇ ਲੈਣ ਆ ਜਾਣ ਤਾਂ ਮੈਂ ਕੀ ਕਰ ਸਕਦਾ ਹਾਂ? ਸੋ, ਇਹ ਹੀ ਸੋਚਦਾ ਹਾਂ ਕਿ ਕੋਈ ਐਸਾ ਕੰਮ ਕਰਾਂ ਜਿਸ ਨਾਲ਼ ਮਨ ਸ਼ਾਂਤ ਰਹੇ। ਮੈਨੂੰ ਤੁਸੀਂ ਉੱਚੇ ਦਿਸੇ ਹੋ, ਮੈਨੂੰ ਵੀ ਆਪਣੀ ਸ਼ਰਨ ਵਿੱਚ ਲੈ ਲਵੋ।"

ਗੁਰੂ ਸਾਹਿਬ ਨੇ ਕਿਹਾ, "ਹੇ ਬਾਲਕ! ਤੂੰ ਤਾਂ ਬੁੱਢਿਆਂ ਵਾਲ਼ੀਆਂ ਗੱਲਾਂ ਕਰਦਾ ਹੈ। ਤੂੰ ਤਾਂ ਅਜੇ ਬਾਲ ਏਂ। ਤੇਰਾ ਨਾਂ ਕੀ ਹੈ?" "ਜੀ, ਮੈਨੂੰ ਬੂੜਾ ਕਹਿੰਦੇ ਹਨ," ਬਾਲਕ ਨੇ ਉੱਤਰ ਦਿੱਤਾ। ਗੁਰੂ ਜੀ ਕਹਿਣ ਲੱਗੇ, "ਤੂੰ ਬੂੜਾ ਨਹੀਂ, ਬੁੱਢਾ ਹੈ। ਹੇ ਬੁੱਢੇ ਬਾਲਕ! ਤੈਨੂੰ ਰੱਬ ਨੇ ਉੱਚੇ ਕੰਮ ਸੌਂਪੇ ਨੇ। ਤੂੰ ਆਪਣਾ ਧਿਆਨ ਪਰਮੇਸ਼ਰ ਨਾਲ਼ ਜੋੜੀ ਰੱਖੀਂ। ਇਸ ਤਰ੍ਹਾਂ ਮਨ ਦੇ ਸਾਰੇ ਡਰ ਦੂਰ ਹੋ ਜਾਂਦੇ ਹਨ।"

ਗੁਰੂ ਜੀ ਨੇ ਉਸ ਨੂੰ ਗੁਰੁਸਿੱਖੀ ਦੀ ਦਾਤ ਬਖ਼ਸ਼ੀ ਤੇ ਉਸ ਦਾ ਨਾਂ 'ਬਾਬਾ ਬੁੱਢਾ' ਰੱਖ ਦਿੱਤਾ। ਬਾਬਾ ਬੁੱਢਾ ਜੀ ਪੂਰਨ ਗੁਰਸਿੱਖ ਹੋਏ। ਛੇਵੇਂ ਗੁਰੂ ਹਰਿਗੋਬਿੰਦ ਜੀ ਤੱਕ ਮਨੁੱਖੀ ਜਾਮੇ ਵਿੱਚ ਰਹੇ। ਗੁਰੂ-ਘਰ ਦੀ ਬੜੀ ਸੇਵਾ ਕੀਤੀ। ਜਦੋਂ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਬਣਿਆ ਤਾਂ ਉਸ ਦੀ ਉਸਾਰੀ ਵਿੱਚ ਬਾਬਾ ਬੁੱਢਾ ਜੀ ਨੇ ਬਹੁਤ ਸੇਵਾ ਕੀਤੀ। ਦਰਬਾਰ ਸਾਹਿਬ ਦੀ ਡਿਓੜ੍ਹੀ ਤੋਂ ਅੰਦਰ ਪਰਿਕਰਮਾ ਵਿੱਚ ਵੜਦਿਆਂ ਹੀ ਸ੍ਹਾਮਣੇ ਬਾਬਾ ਬੁੱਢਾ ਜੀ ਦੀ ਬੇਰੀ ਹੈ।

ਦੂਜੀ ਪਾਤਸ਼ਾਹੀ ਤੋਂ ਲੈ ਕੇ ਛੇਵੀਂ ਤੱਕ ਗੁਰਿਆਈ ਦਾ ਤਿਲਕ ਲਾਉਣ ਦਾ ਕੰਮ ਬਾਬਾ ਬੁੱਢਾ ਜੀ ਨੇ ਹੀ ਕੀਤਾ। ਛੇਵੇਂ ਗੁਰੂ ਜੀ ਨੂੰ ਪੜ੍ਹਾਈ-ਲਿਖਾਈ ਤੇ ਸ਼ਸਤਰ-ਵਿੱਦਿਆ ਇਹਨਾਂ ਨੇ ਹੀ ਸਿਖਾਈ ਤੇ ਅੱਗੋਂ ਗੁਰੂ ਹਰਿਗੋਬਿੰਦ ਜੀ ਦੇ ਬੱਚਿਆਂ ਨੂੰ ਵੀ ਸਿੱਖਿਆ ਦਿੰਦੇ ਰਹੇ।



ਆਪ ਬੜੀ ਨਿਰਮਾਣਤਾ ਤੇ ਨਿਮਰਤਾ ਦੇ ਮਾਲਕ ਸਨ। ਇੱਕ ਵਾਰੀ ਦੀ ਘਟਨਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸੁਪਤਨੀ ਮਾਤਾ ਗੰਗਾ ਜੀ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਉਸ ਨੂੰ ਪੁੱਤਰ ਦੀ ਦਾਤ ਬਖ਼ਸ਼ਣ। ਉਹਨਾਂ ਨੇ ਕਿਹਾ, "ਬਾਬਾ ਬੁੱਢਾ ਜੀ ਕੋਲ਼ ਜਾ ਕੇ ਅਸੀਸ ਲਵੋ।" ਮਾਤਾ ਗੰਗਾ ਜੀ ਸਵੇਰੇ ਉੱਠ ਕੇ ਤਿਆਰ ਹੋਏ। ਉਹਨਾਂ ਦੁੱਧ, ਮੱਖਣ ਤੇ ਹੋਰ ਕਈ ਚੀਜ਼ਾਂ ਨਾਲ਼ ਲਈਆਂ। ਉਹ ਆਪਣੇ ਨਾਲ਼ ਕੁਝ ਹੋਰਾਂ ਨੂੰ ਲੈ ਕੇ ਰਥ ਵਿੱਚ ਸ਼ਾਨ-ਸ਼ੌਕਤ ਨਾਲ਼ ਸਵਾਰ ਹੋ ਕੇ ਚੱਲ ਪਏ। ਬਾਬਾ ਬੁੱਢਾ ਜੀ ਦੀ ਕੁਟੀਆ ਦੇ ਕੋਲ਼ ਪਹੁੰਚੇ ਤਾਂ ਦੂਰੋਂ ਹੀ ਧੂੜ ਉੱਡਦੀ ਵੇਖ ਕੇ ਉਹ ਨੀਝ ਲਾ ਕੇ ਵੇਖਣ ਲੱਗੇ ਕਿ ਕੌਣ ਆ ਰਿਹਾ ਹੈ। ਜਦੋਂ ਰਥ ਨੇੜੇ ਪਹੁੰਚਿਆ ਤਾਂ ਬਾਬਾ ਬੁੱਢਾ ਜੀ ਬੋਲੇ, "ਅੱਜ ਗੁਰੂ ਦੇ ਮਹਿਲਾਂ ਨੂੰ ਕੀ ਭਾਜੜ ਪਈ ਹੈ?" ਮਾਤਾ ਜੀ ਖ਼ਾਲੀ ਝੋਲ਼ੀ ਵਾਪਸ ਪਰਤ ਗਏ।

ਮਾਤਾ ਗੰਗਾ ਜੀ ਨੇ ਸਾਰੀ ਵਿਥਿਆ ਗੁਰੂ ਸਾਹਿਬ ਨੂੰ ਜਾ ਕੇ ਸੁਣਾਈ। ਉਹ ਹੱਸ ਕੇ ਕਹਿਣ ਲੱਗੇ, "ਜੇ ਕਿਸੇ ਕੋਲ਼ੋ ਅਸੀਸ ਲੈਣਾ ਜਾਣਾ ਹੋਵੇ ਤਾਂ ਇਸ ਤਰ੍ਹਾਂ ਰਥਾਂ ਵਿੱਚ ਚੜ੍ਹ ਕੇ ਨਹੀਂ ਜਾਈਦਾ। ਮੱਖਣ, ਲੱਸੀ ਦੀ ਮਟਕੀ ਸਿਰ 'ਤੇ ਰੱਖ ਕੇ ਨੰਗੇ ਪੈਰੀਂ ਤੁਰ ਕੇ ਨਿਮਰਤਾ ਨਾਲ਼ ਜਾ ਕੇ ਕੁਝ ਮੰਗੀਦਾ ਹੈ।"

ਦੂਜੇ ਦਿਨ ਮਾਤਾ ਗੰਗਾ ਜੀ ਨੇ ਸਵੇਰੇ ਉੱਠ ਕੇ ਇਸ਼ਨਾਨ ਕੀਤਾ। ਹੱਥੀਂ ਦੁੱਧ ਰਿੜਕ ਕੇ ਮੱਖਣ ਕੱਢਿਆ। ਮਿੱਸੇ ਪਰਸ਼ਾਦੇ ਪਕਾਏ। ਸਾਰਾ ਕੁਝ ਸਿਰ 'ਤੇ ਰੱਖ ਕੇ ਨੰਗੇ ਪੈਰੀਂ ਇਕੱਲੇ ਹੀ ਤੁਰ ਪਏ। ਉਹ ਸਾਰਾ ਰਸਤਾ ਅਰਦਾਸਾਂ ਹੀ ਕਰਦੇ ਗਏ। ਜਦੋਂ ਬਾਬਾ ਬੁੱਢਾ ਜੀ ਦੇ ਨੇੜੇ ਪਹੁੰਚੇ ਤਾਂ ਉਹਨਾਂ ਨੇ ਮਾਤਾ ਜੀ ਨੂੰ ਆਦਰ ਨਾਲ਼ ਬਿਠਾਇਆ। ਉਹਨਾਂ ਦਾ ਹੱਥੀਂ ਤਿਆਰ ਕੀਤਾ ਭੋਜਨ ਛਕਿਆ। ਬਾਬਾ ਬੁੱਢਾ ਜੀ ਨੇ ਮਾਤਾ ਜੀ ਦੇ ਦਿਲ ਦੀ ਗੱਲ ਬੁੱਝ ਲਈ। ਉਹ ਇੱਕ ਗੰਢਾ ਲੈ ਕੇ ਮੁੱਕੀ ਮਾਰ ਕੇ ਭੰਨ ਕੇ ਕਹਿਣ ਲੱਗੇ, "ਤੇਰੇ ਘਰ ਇਹੋ-ਜਿਹਾ ਪੁੱਤਰ ਜਨਮ ਲਵੇਗਾ ਜਿਹੜਾ ਇਸੇ ਤਰ੍ਹਾਂ ਦੁਸ਼ਮਣਾਂ ਦੇ ਸਿਰ ਭੰਨੇਗਾ।" ਮਾਤਾ ਜੀ ਇਹ ਸੁਣ ਕੇ ਪ੍ਰਸੰਨ ਹੋ ਗਏ ਤੇ ਘਰ ਨੂੰ ਪਰਤ ਆਏ।

ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਤਿਆਰ ਹੋਈ ਤਾਂ ਉਸ ਦਾ ਪਹਿਲਾ ਪ੍ਰਕਾਸ਼ ਦਰਬਾਰ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਤਾ ਗਿਆ। ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਹੀ ਪਹਿਲਾ ਗ੍ਰੰਥੀ ਥਾਪਿਆ ਸੀ।

ਬਾਬਾ ਬੁੱਢਾ ਜੀ ਸਵਾ ਸੌ ਸਾਲ ਦੀ ਉਮਰ ਭੋਗ ਕੇ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਪਿੰਡ ਰਾਮਦਾਸ ਵਿੱਚ ਚਲਾਣਾ ਕਰ ਗਏ। ਗੁਰੂ ਸਾਹਿਬ ਨੇ ਆਪਣੇ ਹੱਥੀਂ ਉਹਨਾਂ ਦਾ ਸਸਕਾਰ ਕੀਤਾ। ਸਸਕਾਰ ਵਾਲ਼ੀ ਜਗ੍ਹਾ 'ਤੇ ਇੱਕ ਸੁੰਦਰ ਤੇ ਇਤਿਹਾਸਿਕ ਗੁਰਦਵਾਰਾ ਬਣ ਗਿਆ ਹੈ ਜਿਹੜਾ 'ਸੱਚਖੰਡ' ਦੇ ਨਾਂ ਨਾਲ਼ ਮਸ਼ਹੂਰ ਹੈ।

## ਪਾਠ-ਅਭਿਆਸ

1. ਦੱਸੋ :

(ੳ) ਬੂੜਾ ਨਾਂ ਦਾ ਬਾਲਕ ਕੀ ਕਰਦਾ ਹੁੰਦਾ ਸੀ ?

(ਅ) ਬੂੜਾ ਉਦਾਸ ਕਿਉਂ ਰਹਿੰਦਾ ਸੀ ?

(ੲ) ਗੁਰੂ ਸਾਹਿਬ ਨੇ ਬੂੜੇ ਨੂੰ ਕਿਸ ਚੀਜ਼ ਦੀ ਦਾਤ ਬਖ਼ਸ਼ੀ ਅਤੇ ਉਸ ਦਾ ਕੀ ਨਾਂ ਰੱਖਿਆ ?

(ਸ) ਬਾਬਾ ਬੁੱਢਾ ਜੀ ਨੇ ਛੇਵੇਂ ਗੁਰੂ ਤੇ ਉਹਨਾਂ ਦੇ ਬੱਚਿਆਂ ਨੂੰ ਕਿਸ ਪ੍ਰਕਾਰ ਦੀ ਸਿੱਖਿਆ ਦਿੱਤੀ ਸੀ ?

(ਹ) ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਕੀ ਅਸੀਸ ਦਿੱਤੀ ?

(ਕ) ਬਾਬਾ ਬੁੱਢਾ ਜੀ ਨੇ ਹਰਿਮੰਦਰ ਸਾਹਿਬ ਵਿਖੇ ਕਿਸ ਪ੍ਰਕਾਰ ਦੀ ਸੇਵਾ ਕੀਤੀ ?

2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਵੱਗ, ਅਡੋਲ, ਅਨੋਖਾ, ਆਦਰ, ਤਕਾਲ਼ਾਂ, ਸੁਲਝਿਆ, ਮਸ਼ਹੂਰ

3. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ :

(ੳ) "ਗੁਰੂ ਜੀ ! ਮੈਨੂੰ ਸਾਰਾ ਵਕਤ ਮੌਤ ਦਾ ਡਰ ਰਹਿੰਦਾ ਹੈ। ਮੈਨੂੰ ਰਾਤ ਨੂੰ ਵੀ ਚੰਗੀ ਤਰ੍ਹਾਂ ਨੀਂਦ ਨਹੀਂ ਆਉਂਦੀ।"

(ਅ) "ਹੇ ਬਾਲਕ ! ਤੂੰ ਤਾਂ ਬੁੱਢਿਆਂ ਵਾਲ਼ੀਆਂ ਗੱਲਾਂ ਕਰਦਾ ਹੈਂ। ਤੂੰ ਤਾਂ ਅਜੇ ਬਾਲ ਏਂ। ਤੇਰਾ ਨਾਂ ਕੀ ਹੈ।"

(ੲ) "ਤੂੰ ਬੂੜਾ ਨਹੀਂ, ਬੁੱਢਾ ਹੈਂ। ਹੇ ਬੁੱਢੇ ਬਾਲਕ ! ਤੈਨੂੰ ਰੱਬ ਨੇ ਉੱਚੇ ਕੰਮ ਸੌਂਪੇ ਨੇ।"

(ਸ) "ਜੇ ਕਿਸੇ ਕੋਲ਼ੋਂ ਅਸੀਸ ਲੈਣ ਜਾਣਾ ਹੋਵੇ ਤਾਂ ਇਸ ਤਰ੍ਹਾਂ ਰਥਾਂ ਵਿੱਚ ਚੜ੍ਹ ਕੇ ਨਹੀਂ ਜਾਈਦਾ।"

(ਹ) "ਤੇਰੇ ਘਰ ਵਿੱਚ ਇਹੋ-ਜਿਹਾ ਪੁੱਤਰ ਜਨਮ ਲਵੇਗਾ ਜਿਹੜਾ ਇਸੇ ਤਰ੍ਹਾਂ ਦੁਸ਼ਮਣਾਂ ਦੇ ਸਿਰ ਭੰਨੇਗਾ।"

## ਵਿਆਕਰਨ :

ਗੁਰੂ ਜੀ ਨੇ ਉਸ ਨੂੰ ਗੁਰਸਿੱਖੀ ਦੀ ਦਾਤ ਬਖ਼ਸ਼ੀ ਤੇ ਉਸ ਦਾ ਨਾਂ 'ਬਾਬਾ ਬੁੱਢਾ' ਰੱਖ ਦਿੱਤਾ। ਬਾਬਾ ਬੁੱਢਾ ਜੀ ਪੂਰਨ ਗੁਰਸਿੱਖ ਹੋਏ। ਛੇਵੇਂ ਗੁਰੂ ਹਰਿਗੋਬਿੰਦ ਜੀ ਤੱਕ ਮਨੁੱਖੀ ਜਾਮੇ ਵਿੱਚ ਰਹੇ। ਗੁਰੂ-ਘਰ ਦੀ ਬੜੀ ਸੇਵਾ ਕੀਤੀ। ਜਦੋਂ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਬਣਿਆ ਤਾਂ ਉਸ ਦੀ ਉਸਾਰੀ ਵਿੱਚ ਬਾਬਾ ਬੁੱਢਾ ਜੀ ਨੇ ਬਹੁਤ ਸੇਵਾ ਕੀਤੀ। ਦਰਬਾਰ ਸਾਹਿਬ ਦੀ ਡਿਓੜ੍ਹੀ ਤੋਂ ਅੰਦਰ ਪਰਿਕਰਮਾ ਵਿੱਚ ਵੜਦਿਆਂ ਹੀ ਸਾਮ੍ਹਣੇ ਬਾਬਾ ਬੁੱਢਾ ਜੀ ਦੀ ਬੇਰੀ ਹੈ।

ਉੱਪਰ ਦਿੱਤੇ ਪੈਰੇ ਵਿੱਚੋਂ ਆਮ ਨਾਂਵ ਅਤੇ ਖ਼ਾਸ ਨਾਂਵ ਚੁਣ ਕੇ ਆਪਣੀ ਕਾਪੀ ਵਿੱਚ ਲਿਖੋ।

### ਅਧਿਆਪਕ ਲਈ :

ਅਧਿਆਪਕ ਵਿਦਿਆਰਥੀਆਂ ਨੂੰ ਦੱਸੇਗਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਲਕ ਬੂੜੇ ਨੂੰ ਬੁੱਢਾ ਇਸ ਲਈ ਕਿਹਾ ਕਿਉਂਕਿ ਉਹ ਬਚਪਨ 'ਚ ਹੁੰਦਿਆਂ ਹੋਇਆਂ ਵੀ ਬੜੀਆਂ ਸੂਝ ਭਰੀਆਂ ਤੇ ਦਲੀਲ ਭਰਪੂਰ ਗੱਲਾਂ ਕਰਦਾ ਸੀ।

*****

# ਪਾਠ-7

# ਬਸੰਤ

ਕੱਕਰਾਂ ਨੇ ਲੁੱਟ-ਪੁੱਟ, ਨੰਗ ਕਰ ਛੱਡੇ ਰੁੱਖ,
ਹੋ ਗਏ ਨਿਹਾਲ ਅੱਜ ਪੁੰਗਰ ਕੇ ਡਾਲ਼ੀਆਂ।

ਡਾਲ਼ੀਆਂ ਕਚਾਹ ਵਾਗ ਕੂਲ਼ੀਆਂ ਨੂੰ ਜਿੰਦ ਪਈ,
ਆਲ੍ਹਣੇ ਦੇ ਬੋਟਾਂ ਵਾਂਗ ਖੰਭੀਆਂ ਉਛਾਲ਼ੀਆਂ।

ਬਾਗ਼ਾਂ ਵਿੱਚ ਬੂਟਿਆਂ ਨੇ ਡੋਡੀਆਂ ਉਭਾਰੀਆਂ ਤੇ
ਮਿੱਠੀ-ਮਿੱਠੀ ਪੌਣ ਆ ਕੇ ਸੁੱਤੀਆਂ ਉਠਾਲ਼ੀਆਂ।

ਖਿੜ-ਖਿੜ ਹੱਸਦੀਆਂ ਵੱਸਿਆ ਜਹਾਨ ਵੇਖ,
ਗੁੱਟੇ ਉੱਤੇ ਕੇਸਰ, ਗੁਲਾਬ ਉੱਤੇ ਲਾਲੀਆਂ।

ਫੁੱਲਾਂ ਭਰੇ ਗਮਲਿਆਂ ਨੂੰ ਜੋੜਿਆ ਕਤਾਰ ਬੰਨ੍ਹ,
ਹਰੀ-ਹਰੀ ਘਾਹ ਦੀ ਵਿਛਾਈ ਉੱਤੇ ਮਾਲੀਆਂ।

ਬੁਲਬੁਲ ਫੁੱਲ-ਫੁੱਲ, ਫੁੱਲਾਂ ਦੇ ਸਦਕੇ ਲਏ,
ਭੌਰੇ ਲਟਬੌਰਿਆਂ ਨੂੰ ਆਈਆਂ ਖ਼ੁਸ਼ਹਾਲੀਆਂ।

ਪੰਛੀਆਂ ਨੇ ਗਾਵਿਆ ਹਿੰਡੋਲ ਤੇ ਬਸੰਤ ਰਾਗ,
ਚਿਰਾਂ ਪਿੱਛੋਂ ਰੱਬ ਨੇ ਮੁਰਾਦਾਂ ਨੇ ਵਿਖਾਲ਼ੀਆਂ।

ਕੇਸਰੀ ਦੁਪੱਟੇ ਨੂੰ *ਬਸੰਤ ਕੌਰ ਪਹਿਨ ਜਦੋਂ,
ਡੋਰੇਦਾਰ ਨੈਣਾਂ ਵਿੱਚੋਂ ਸੁੱਟੀਆਂ ਗੁਲਾਲੀਆਂ।

---

* ਅਧਿਆਪਕ ਵਿਦਿਆਰਥੀਆਂ ਨੂੰ ਦੱਸੇਗਾ ਕਿ ਬਸੰਤ ਕੌਰ ਸ਼ਬਦ ਰਾਹੀਂ ਬਸੰਤ ਰੁੱਤ ਦਾ ਮਾਨਵੀਕਰਨ ਕੀਤਾ ਗਿਆ ਹੈ।

## ਪਾਠ-ਅਭਿਆਸ

1. ਦੱਸੋ :

(ੳ) ਬਸੰਤ ਦੀ ਆਮਦ 'ਤੇ ਰੁੱਖ ਕਿਉਂ ਨਿਹਾਲ ਹੁੰਦੇ ਹਨ ?

(ਅ) ਬਸੰਤ ਰੁੱਤ ਆਉਣ 'ਤੇ ਬੂਟਿਆਂ ਵਿੱਚ ਕਿਹੋ-ਜਿਹੀ ਤਬਦੀਲੀ ਆਉਂਦੀ ਹੈ ?

(ੲ) ਬਸੰਤ ਰੁੱਤ ਮੌਕੇ ਪੰਛੀ ਕਿਹੜੇ ਰਾਗ ਗਾਉਂਦੇ ਹਨ ?

(ਸ) ਬਸੰਤ ਰੁੱਤ ਵਿੱਚ ਲੋਕ ਕਿਹੜਾ ਰੰਗ ਪਹਿਨਦੇ ਹਨ ?

(ਹ) ਆਖ਼ਰੀ ਚਾਰ ਸਤਰਾਂ ਦੇ ਅਰਥ ਲਿਖੋ।

2. ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ :

(ੳ) ਡਾਲ਼ੀਆਂ ਕਚਾਹ ਵਾਂਗ ਕੂਲ਼ੀਆਂ ਨੂੰ ਜਿੰਦ ਪਈ,

...................................................।

(ਅ) ਖਿੜ-ਖਿੜ ਹੱਸਦੀਆਂ ਵੱਸਿਆ ਜਹਾਨ ਵੇਖ,

...................................................।

(ੲ) ਬੁਲਬੁਲ ਫੁੱਲ-ਫੁੱਲ, ਫੁੱਲਾਂ ਦੇ ਸਦਕੇ ਲਏ,

...................................................।

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਨਿਹਾਲ, ਜਹਾਨ, ਸਦਕੇ, ਮੁਰਾਦ, ਕਤਾਰ

4. ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰਕੇ ਆਪਣੀ ਜਮਾਤ ਦੀ ਹਫ਼ਤਾਵਾਰੀ ਬਾਲ-ਸਭਾ ਵਿੱਚ ਸੁਣਾਓ।

5. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਜਹਾਨ | – | ਸੰਸਾਰ |
| ਹਿੰਡੋਲ | – | ਖ਼ੁਸ਼ੀ ਦਾ ਰਾਗ |
| ਡੋਰੇਦਾਰ | – | ਧਾਰੀਦਾਰ |

### ਵਿਆਕਰਨ :

ਪਿਛਲੇ ਪਾਠਾਂ ਵਿੱਚ ਤੁਸੀਂ ਨਾਂਵ ਬਾਰੇ ਪੜ੍ਹਿਆ ਹੈ। ਇਸ ਪਾਠ ਵਿੱਚੋਂ ਨਾਂਵ ਦੀਆਂ ਦਸ ਉਦਾਹਰਨਾਂ ਚੁਣ ਕੇ ਆਪਣੀਆਂ ਕਾਪੀਆਂ ਵਿੱਚ ਲਿਖੋ।

ਅਧਿਆਪਕ ਲਈ :

ਅਧਿਆਪਕ ਬੱਚਿਆਂ ਨੂੰ ਇਹ ਕਵਿਤਾ ਜ਼ੁਬਾਨੀ ਯਾਦ ਕਰਨ ਲਈ ਕਹੇਗਾ।

*****

## ਪਾਠ-8

# ਸਾਰਾ ਜੱਗ ਨਹੀਂ ਜਿੱਤਿਆ ਜਾਂਦਾ

ਇੱਕ ਕਿਰਸਾਣ ਕੋਲ਼ ਇੱਕ ਖੋਤਾ ਸੀ। ਕਿਰਸਾਣ ਨੂੰ ਪੈਸੇ ਚਾਹੀਦੇ ਸਨ। ਉਸ ਨੇ ਸੋਚਿਆ ਕਿ ਸ਼ਹਿਰ ਵਿੱਚ ਜਾ ਕੇ ਖੋਤੇ ਨੂੰ ਵੇਚ ਦਿੰਦੇ ਹਾਂ, ਕੁਝ ਪੈਸੇ ਮਿਲ਼ ਜਾਣਗੇ। ਇੱਕ ਦਿਨ ਸਵੇਰੇ-ਸਵੇਰੇ ਆਪਣੇ ਦਸ-ਬਾਰਾਂ ਸਾਲ ਦੇ ਪੁੱਤਰ ਨੂੰ ਨਾਲ਼ ਲੈ ਕੇ ਸ਼ਹਿਰ ਵੱਲ ਨੂੰ ਚੱਲ ਪਿਆ। ਅੱਗੇ-ਅੱਗੇ ਖੋਤਾ ਤੇ ਪਿੱਛੇ-ਪਿੱਛੇ ਪਿਓ-ਪੁੱਤਰ ਤੁਰਦੇ ਜਾ ਰਹੇ ਸਨ। ਅਜੇ ਕੁਝ ਦੂਰ ਹੀ ਗਏ ਸਨ ਕਿ ਉਹਨਾਂ ਨੂੰ ਕੁਝ ਕੁੜੀਆਂ ਮਿਲ਼ ਪਈਆਂ। ਉਹ ਉਹਨਾਂ ਨੂੰ ਦੇਖ ਕੇ ਹੱਸ ਪਈਆਂ ਅਤੇ ਇੱਕ-ਦੂਜੀ ਨੂੰ ਕਹਿਣ ਲੱਗੀਆਂ, "ਦੇਖੋ ਭਲਾ, ਇਹਨਾਂ ਮੂਰਖਾਂ ਕੋਲ਼ ਚੰਗਾ-ਭਲਾ ਖੋਤਾ ਹੈ, ਸਵਾਰੀ ਕਰਨ ਲਈ। ਇਹ ਪਿਓ-ਪੁੱਤਰ ਨਾਲ਼-ਨਾਲ਼ ਪੈਦਲ ਤੁਰੇ ਜਾਂਦੇ ਨੇ।" ਕਿਰਸਾਣ ਉਹਨਾਂ ਦੀ ਗੱਲ ਸੁਣ ਕੇ ਕੁਝ ਸ਼ਰਮਿੰਦਾ ਜਿਹਾ ਹੋ ਗਿਆ। ਸੋਚ-ਵਿਚਾਰ ਕੇ ਉਹਨੇ ਆਪਣੇ ਪੁੱਤਰ ਨੂੰ ਖੋਤੇ 'ਤੇ ਬਿਠਾ ਦਿੱਤਾ ਅਤੇ ਆਪ ਪੈਦਲ ਚੱਲਣ ਲੱਗ ਪਿਆ।

ਅਜੇ ਉਹ ਥੋੜ੍ਹੀ ਦੂਰ ਹੀ ਗਏ ਸਨ ਕਿ ਉਹਨਾਂ ਨੂੰ ਦੋ ਆਦਮੀ ਮਿਲ਼ ਪਏ। ਉਹ ਉਹਨਾਂ ਨੂੰ ਜਾਂਦਿਆਂ ਦੇਖ ਕੇ ਕਹਿਣ ਲੱਗੇ, "ਦੇਖੋ, ਇਸ ਮੁੰਡੇ ਨੂੰ-ਹੱਟਾ-ਕੱਟਾ। ਆਪ ਖੋਤੇ 'ਤੇ ਚੜ੍ਹਿਆ ਬੈਠਾ ਹੈ ਤੇ ਬੁੱਢਾ ਪਿਓ ਲੱਤਾਂ ਘਸੀਟਦਾ ਜਾਂਦਾ ਹੈ। ਅੱਜ ਦੇ ਮੁੰਡਿਆਂ ਨੂੰ ਮਾਂ-ਪਿਓ ਦਾ ਰਤਾ ਧਿਆਨ ਨਹੀਂ।

ਉਹਨਾਂ ਦੀ ਗੱਲ ਸੁਣ ਕੇ ਕਿਰਸਾਣ ਮੁੜ ਪਰੇਸ਼ਾਨ ਹੋ ਗਿਆ। ਉਹਨੇ ਮੁੰਡੇ ਨੂੰ ਖੋਤੇ ਤੋਂ ਉਤਾਰ ਦਿੱਤਾ ਅਤੇ ਉਸ ਦੀ ਥਾਂ 'ਤੇ ਆਪ ਬੈਠ ਗਿਆ। ਹੁਣ ਮੁੰਡਾ ਭੱਜ-ਭੱਜ ਕੇ ਖੋਤੇ ਨਾਲ਼ ਆਪਣੀ ਚਾਲ ਮਿਲ਼ਾ ਰਿਹਾ ਸੀ, ਨਾਲ਼ੇ ਸਾਹੋ-ਸਾਹ ਹੋ ਰਿਹਾ ਸੀ। ਦੋ ਆਜੜੀ ਰਾਹ ਵਿੱਚ ਭੇਡਾਂ ਚਾਰ ਰਹੇ ਸਨ। ਜਦੋਂ ਉਹਨਾਂ ਨੇ ਇਹ ਨਜ਼ਾਰਾ ਵੇਖਿਆ ਤਾਂ ਇੱਕ-ਦੂਜੇ ਨੂੰ ਕਹਿਣ ਲੱਗੇ, "ਦੇਖੋ, ਬੁੱਢੇ ਦੀ ਅਕਲ ਨੂੰ— ਮਲੂਕ ਜਿਹਾ ਬੱਚਾ ਭੱਜ-ਭੱਜ ਸਾਹੋ-ਸਾਹ ਹੋਇਆ ਪਿਆ ਹੈ। ਆਪ ਨਵਾਬ ਬਣਿਆ ਖੋਤੇ 'ਤੇ ਸਵਾਰ ਹੋਇਆ ਬੈਠਾ ਹੈ।" ਇਹ ਸੁਣ ਕੇ ਕਿਰਸਾਣ ਨੇ ਆਪਣੇ ਪੁੱਤਰ ਨੂੰ ਵਾਜ ਮਾਰੀ, "ਆ ਜਾ, ਪੁੱਤਰਾ! ਤੂੰ ਵੀ ਮੇਰੇ ਨਾਲ਼ ਖੋਤੇ 'ਤੇ ਬੈਠ ਜਾ, ਹੁਣ ਸਾਨੂੰ ਕੋਈ ਕੁਝ ਕਹਿ ਕੇ ਤਾਂ ਦੇਖੇ!" ਇਹ ਕਹਿ ਕੇ ਉਸ ਨੇ ਮੁੰਡੇ ਨੂੰ ਵੀ ਖੋਤੇ 'ਤੇ ਚੜ੍ਹਾ ਲਿਆ। ਉਹ ਦੋਵੇਂ ਪਿਓ-ਪੁੱਤਰ ਖ਼ੁਸ਼ੀ-ਖ਼ੁਸ਼ੀ ਝੂਟੇ ਲੈਂਦੇ ਸ਼ਹਿਰ ਵੱਲ ਜਾ ਰਹੇ ਸਨ।

ਏਨੇ ਨੂੰ ਸ਼ਹਿਰੋਂ ਵਾਪਸ ਆ ਰਹੇ ਕੁਝ ਬੰਦੇ ਉਹਨਾ ਨੂੰ ਟੱਕਰ ਗਏ। ਉਹ ਪਿਓ-ਪੁੱਤਰ ਨੂੰ ਖੋਤੇ 'ਤੇ ਸਵਾਰ ਦੇਖ ਕੇ ਬੜੇ ਹੈਰਾਨ-ਪਰੇਸ਼ਾਨ ਹੋਏ ਅਤੇ ਬੋਲਣੋਂ ਨਾ ਰਹਿ ਸਕੇ, "ਖੋਤਾ ਕਿਸੇ ਦਾ ਚੋਰੀ ਕਰਕੇ ਲਿਆਏ ਹੋ, ਜਿਹੜਾ ਲੱਗੇ ਹੋ ਲਾਹਾ ਲੈਣ? ਵਿਚਾਰਾ ਤੁਹਾਡੇ ਦੋਂਹਾਂ ਦੇ ਭਾਰ ਨਾਲ਼ ਦੱਬਿਆ ਪਿਆ ਹੈ। ਤੁਹਾਡੇ ਵਿੱਚ ਥੋੜ੍ਹੀ ਬਹੁਤੀ ਇਨਸਾਨੀਅਤ ਹੈ ਕਿ ਨਹੀਂ? ਜਾਨਵਰ ਵਿਚਾਰਾ ਬੋਲ ਨਹੀਂ ਸਕਦਾ, ਕੁਝ ਤਾਂ ਤਰਸ ਕਰੋ!" ਉਹਨਾਂ ਦੀ ਗੱਲ ਸੁਣ ਕੇ ਦੋਵੇਂ ਪਿਓ-ਪੁੱਤਰ ਖੋਤੇ ਤੋਂ ਹੇਠਾਂ ਉੱਤਰ ਗਏ। ਉਹਨਾਂ ਨੂੰ ਸਮਝ ਨਹੀਂ ਆ ਰਹੀ ਸੀ ਕਿ ਉਹ ਕੀ ਕਰਨ। ਰਾਹ ਜਾਂਦਾ ਹਰ ਕੋਈ ਕੁਝ ਨਾ ਕੁਝ ਕਹੀ ਜਾ ਰਿਹਾ ਸੀ। ਉਹਨਾਂ ਨੇ ਖੋਤੇ ਨੂੰ ਚੁੱਕ ਕੇ ਲਿਜਾਣ ਦੀ ਤਰਕੀਬ ਸੋਚੀ। ਉਹਨਾਂ ਦੋਂਹਾਂ ਨੇ ਖੋਤੇ ਦੀਆਂ ਲੱਤਾਂ ਦੋ-ਦੋ ਕਰਕੇ ਬੰਨ੍ਹ ਦਿੱਤੀਆਂ ਅਤੇ ਉਹਨਾਂ ਵਿੱਚ ਇੱਕ ਡੰਡਾ ਲੰਘਾ ਲਿਆ। ਇੱਕ ਪਾਸਿਓਂ ਪਿਓ ਨੇ ਡਾਂਗ ਮੋਢੇ 'ਤੇ ਰੱਖੀ, ਦੂਜੇ ਪਾਸਿਓਂ ਪੁੱਤਰ ਨੇ ਡਾਂਗ ਮੋਢੇ 'ਤੇ ਰੱਖ ਲਈ। ਹੁਣ ਪਿਓ-ਪੁੱਤਰ ਸ਼ਹਿਰ ਵੱਲ ਨੂੰ ਚੱਲ ਪਏ। ਰਸਤੇ ਵਿੱਚ ਇੱਕ ਪੁਲ਼ ਆਉਂਦਾ ਸੀ। ਉਹ ਪੁਲ਼ ਪਾਰ ਕਰ ਰਹੇ ਸਨ। ਦੋਂਹਾਂ ਦੇ ਮੋਢਿਆਂ 'ਤੇ ਰੱਖੀਂ ਡਾਂਗ ਵਿਚਾਲ਼ੇ ਲਟਕਦੇ ਖੋਤੇ ਦਾ ਨਜ਼ਾਰਾ ਦੇਖ ਕੇ ਆਉਂਦੇ-ਜਾਂਦੇ ਲੋਕ ਦੇਖ-ਦੇਖ ਹੱਸੀ ਜਾ ਰਹੇ ਸਨ। ਉਹਨਾਂ ਨੇ ਅਜਿਹਾ ਦ੍ਰਿਸ਼ ਪਹਿਲਾਂ ਕਦੇ ਨਹੀਂ ਸੀ ਦੇਖਿਆ। ਲੋਕਾਂ ਦਾ ਸ਼ੋਰ ਸੁਣ ਕੇ ਖੋਤਾ ਘਬਰਾ ਗਿਆ। ਉਸ ਨੇ ਹਿਲ-ਜੁਲ ਕੀਤੀ ਤਾਂ ਡਾਂਗ ਫਿਸਲ ਕੇ ਖੋਤੇ ਸਮੇਤ ਨਦੀ ਵਿੱਚ ਜਾ ਡਿਗੀ। ਦੋਂਹਾਂ ਦੇ ਦੇਖਦਿਆਂ-ਦੇਖਦਿਆਂ ਖੋਤਾ ਪਾਣੀ ਦੇ ਤੇਜ਼ ਵਹਿਣ ਵਿੱਚ ਰੁੜ੍ਹ ਗਿਆ। ਦੋਵੇਂ ਹੱਕੇ-ਬੱਕੇ ਦੇਖਦੇ ਰਹਿ ਗਏ। ਕਿਰਸਾਣ ਆਪਣਾ ਸਿਰ ਫੜ ਕੇ ਬਹਿ ਗਿਆ ਤੇ ਸੋਚਣ ਲੱਗਾ ਕਿ ਮੈਂ ਹਰ ਰਾਹ ਜਾਂਦੇ ਨੂੰ ਖ਼ੁਸ਼ ਕਰਨ ਦਾ ਯਤਨ

ਕਰਦਾ ਰਿਹਾ ਅਤੇ ਕਿਸੇ ਨੂੰ ਵੀ ਖ਼ੁਸ਼ ਨਹੀਂ ਕਰ ਸਕਿਆ, ਉਲਟਾ ਆਪਣਾ ਨੁਕਸਾਨ ਹੀ ਕਰ ਬੈਠਾ। ਚੰਗਾ ਹੁੰਦਾ ਜੇ ਮੈਂ ਲੋਕਾਂ ਦੀਆਂ ਗੱਲਾਂ ਵਿੱਚ ਨਾ ਆਉਂਦਾ, ਆਪਣੇ ਦਿਮਾਗ਼ ਦੀ ਵਰਤੋਂ ਕਰਦਾ ਅਤੇ ਆਪਣੀ ਮਰਜ਼ੀ ਕਰਦਾ। ਲੋਕਾਂ ਦੇ ਬਹਿਕਾਵੇ ਵਿੱਚ ਨਾ ਆਉਂਦਾ ਤਾਂ ਘੱਟੋ-ਘੱਟ ਮੇਰਾ ਨੁਕਸਾਨ ਤਾਂ ਨਾ ਹੁੰਦਾ।

## ਪਾਠ-ਅਭਿਆਸ

1. ਦੱਸੋ :

(ੳ) ਕੁੜੀਆਂ, ਕਿਸਾਨ ਤੇ ਉਸ ਦੇ ਪੁੱਤਰ ਨੂੰ ਦੇਖ ਕੇ ਕਿਉਂ ਹੱਸੀਆਂ ਸਨ ?

(ਅ) ਪਿਤਾ ਤੇ ਪੁੱਤਰ ਨੇ ਖੋਤੇ ਨੂੰ ਮੋਢੇ 'ਤੇ ਕਿਉਂ ਚੁੱਕਿਆ ਸੀ ?

(ੲ) ਦਰਿਆ ਦੇ ਪੁਲ਼ 'ਤੇ ਆ ਕੇ ਕੀ ਵਾਪਰਿਆ ?

(ਸ) ਪਿਓ-ਪੁੱਤਰ ਦਾ ਨੁਕਸਾਨ ਕਿਉਂ ਹੋਇਆ ?

(ਹ) ਇਸ ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ ?

2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਸਵਾਰੀ, ਤਰਸ, ਆਜੜੀ, ਸ਼ਰਮਿੰਦਾ, ਹੱਟਾ-ਕੱਟਾ

3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਮਲੂਕ | : | ਨਾਜ਼ਕ, ਕੋਮਲ |
| ਦ੍ਰਿਸ਼ | : | ਨਜ਼ਾਰਾ |
| ਤਰਕੀਬ | : | ਢੰਗ, ਤਰੀਕਾ |
| ਪਰੇਸ਼ਾਨ | : | ਫ਼ਿਕਰਮੰਦ |
| ਇਨਸਾਨੀਅਤ | : | ਮਨੁੱਖਤਾ, ਮਾਨਵਤਾ |
| ਬਹਿਕਾਵਾ | : | ਝਾਂਸੇ ਵਿੱਚ ਆਉਣਾ |

4. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ :

(ੳ) "ਦੇਖੋ ਬੁੱਢੇ ਦੀ ਅਕਲ ਨੂੰ- ਮਲੂਕ ਜਿਹਾ ਬੱਚਾ ਭੱਜ-ਭੱਜ ਸਾਹੋ-ਸਾਹ ਹੋਇਆ ਪਿਆ ਹੈ। ਆਪ ਨਵਾਬ ਬਣਿਆ ਖੋਤੇ 'ਤੇ ਸਵਾਰ ਹੋਇਆ ਬੈਠਾ ਹੈ।"

(ਅ) "ਦੇਖੋ, ਇਸ ਮੁੰਡੇ ਨੂੰ-ਹੱਟਾ-ਕੱਟਾ। ਆਪ ਖੋਤੇ 'ਤੇ ਚੜ੍ਹਿਆ ਬੈਠਾ ਹੈ ਤੇ ਬੁੱਢਾ ਪਿਓ ਲੱਤਾਂ ਘਸੀਟਦਾ ਜਾਂਦਾ ਹੈ। ਅੱਜ ਦੇ ਮੁੰਡਿਆਂ ਨੂੰ ਮਾਂ-ਪਿਓ ਦਾ ਰਤਾ ਧਿਆਨ ਨਹੀਂ।"

## ਵਿਆਕਰਨ :

ਜਿਹੜੇ ਸ਼ਬਦ ਨਾਂਵ ਦੀ ਥਾਂ ਵਰਤੇ ਜਾਣ, ਉਹਨਾਂ ਨੂੰ ਪੜਨਾਂਵ ਕਹਿੰਦੇ ਹਨ, ਜਿਵੇ : ਮੈਂ, ਅਸੀਂ, ਤੂੰ, ਤੁਸੀਂ, ਉਹ ਆਦਿ। ਪੜਨਾਂਵ ਛੇ ਪ੍ਰਕਾਰ ਦੇ ਹੁੰਦੇ ਹਨ :

(1) ਪੁਰਖਵਾਚਕ ਪੜਨਾਂਵ

(2) ਨਿੱਜਵਾਚਕ ਪੜਨਾਂਵ

(3) ਨਿਸ਼ਚੇਵਾਚਕ ਪੜਨਾਂਵ

(4) ਅਨਿਸ਼ਚੇਵਾਕ ਪੜਨਾਂਵ

(5) ਸੰਬੰਧਵਾਚਕ ਪੜਨਾਂਵ

(6) ਪ੍ਰਸ਼ਨਵਾਚਕ ਪੜਨਾਂਵ

ਹੇਠ ਲਿਖੇ ਰੰਗੀਨ ਸ਼ਬਦ ਪੜਨਾਂਵ ਹਨ :

- ਉਸ ਨੇ ਸੋਚਿਆ ਕਿ ਸ਼ਹਿਰ ਵਿੱਚ ਜਾ ਕੇ ਖੋਤੇ ਨੂੰ ਵੇਚ ਦਿੰਦਾ ਹਾਂ।
- ਕੁੜੀਆਂ ਉਹਨਾਂ ਨੂੰ ਦੇਖ ਕੇ ਹੱਸ ਪਈਆਂ।
- ਤੂੰ ਵੀ ਮੇਰੇ ਨਾਲ਼ ਖੋਤੇ ਉੱਤੇ ਬੈਠ ਜਾ।
- ਉਹ ਪਿਓ-ਪੁੱਤਰ ਨੂੰ ਖੋਤੇ ਉੱਤੇ ਸਵਾਰ ਦੇਖ ਤੇ ਬਹੁਤ ਹੈਰਾਨ-ਪਰੇਸ਼ਾਨ ਹੋਏ।
- ਦੋਂਹਾਂ ਦੇ ਦੇਖਦਿਆਂ-ਦੇਖਦਿਆਂ ਖੋਤਾ ਪਾਣੀ ਦੇ ਤੇਜ਼ ਵਹਿਣ ਵਿੱਚ ਰੁੜ੍ਹ ਗਿਆ।
- ਉਹ ਕਿਸੇ ਨੂੰ ਵੀ ਖ਼ੁਸ਼ ਨਹੀਂ ਕਰ ਸਕਿਆ।

*****

# ਪਾਠ-9

# ਥਾਲ਼

ਥਾਲ਼ ਪੰਜਾਬੀ ਕੁੜੀਆਂ ਦੀ ਹਰਮਨ-ਪਿਆਰੀ ਲੋਕ-ਖੇਡ ਹੈ। ਆਮ ਤੌਰ ’ਤੇ ਬਚਪਨ ਨੂੰ ਟੱਪ ਕੇ ਜਵਾਨੀ ਦੀਆਂ ਬਰੂਹਾਂ ’ਤੇ ਖੜ੍ਹੀਆਂ ਮੁਟਿਆਰਾਂ ਇਸ ਖੇਡ ਨੂੰ ਬੜੇ ਚਾਅ ਨਾਲ਼ ਖੇਡਦੀਆਂ ਹਨ। ਉਂਞ ਨਵ-ਵਿਆਹੀਆਂ ਵਹੁਟੀਆਂ ਵੀ ਆਪਣੀਆਂ ਨਣਾਨਾਂ ਅਤੇ ਭੈਣਾਂ ਨਾਲ਼ ਰਲ਼ ਕੇ ਥਾਲ਼ ਪਾਉਂਦੀਆਂ ਹਨ। ਇਹ ਖੇਡ ਆਮ ਕਰਕੇ ਦੁਪਹਿਰ ਸਮੇਂ ਖੇਡੀ ਜਾਂਦੀ ਹੈ। ਬਾਲੜੀਆਂ ਕੁੜੀਆਂ ਵੀ ਆਪਣੇ ਨਿੱਕੇ ਵੀਰਾਂ-ਭੈਣਾਂ ਨੂੰ ਖਿਡਾਉਂਦੀਆਂ ਹੋਈਆਂ ਗੀਟਿਆਂ ਦੀ ਖੇਡ ਦੇ ਨਾਲ਼ ਹੀ ਇਹ ਖੇਡ ਖੇਡਣ ਲੱਗ ਪੈਂਦੀਆਂ ਹਨ। ਇਹ ਖੇਡ ਘਰਾਂ ਦੇ ਦਲਾਨਾਂ ਵਿੱਚ ਖੇਡ ਜਾਂਦੀ ਹੈ।

ਥਾਲ਼ ਸੱਤ ਤਹਿਆਂ (ਪੜਦਿਆਂ) ਵਾਲ਼ੀ ਲੀਰਾਂ ਦੀ, ਧਾਗਿਆਂ ਨਾਲ ਗੁੰਦੀ ਹੋਈ ਗੇਂਦ ਨਾਲ਼ ਖੇਡੇ ਜਾਂਦੇ ਹਨ। ਇਸ ਗੇਂਦ ਨੂੰ ਖਿੱਦੋ ਜਾਂ ਖੇਹਨੂੰ ਵੀ ਕਿਹਾ ਜਾਂਦਾ ਹੈ। ਇਹਦੇ ਖੇਡਣ ਦਾ ਤਰੀਕਾ ਬਹੁਤ ਹੀ ਸੌਖਾ ਤੇ ਸਰਲ ਹੈ। ਇਹ ਖੇਡ ਕਈ ਕੁੜੀਆਂ ਰਲ਼ ਕੇ ਖੇਡਦੀਆਂ ਹਨ, ਉਂਞ ਗਿਣਤੀ ’ਤੇ ਕੋਈ ਪਾਬੰਦੀ ਨਹੀਂ। ਆਮ ਤੌਰ ’ਤੇ ਇੱਕ ਤੋਂ ਵੱਧ ਕੁੜੀਆਂ ਇਹ ਖੇਡ ਖੇਡਦੀਆਂ ਹਨ। ਇਹ ਖੇਡ ਬਹੁਤ ਦਿਲਚਸਪ ਹੈ। ਇੱਕ ਕੁੜੀ ਇੱਕ ਹੱਥ ਨਾਲ਼ ਖਿੱਦੋ ਨੂੰ ਹਵਾ ਵਿੱਚ ਉਛਾਲ਼ਦੀ ਹੈ। ਫੇਰ ਉਹ ਸੱਜੇ ਹੱਥ ਦੀ ਤਲ਼ੀ ’ਤੇ ਬੋਚ ਕੇ ਉਸ ਨੂੰ ਇਕਹਿਰੇ ਤਾਲ ਨਾਲ਼ ਆਪਣੀ ਤਲ਼ੀ ਨਾਲ਼ ਵਾਰ-ਵਾਰ ਬੁੜ੍ਹਕਾਉਂਦੀ ਹੋਈ ਨਾਲ਼ੋ-ਨਾਲ਼ ਇਸੇ ਤਾਲ ਨਾਲ਼ ਥਾਲ਼ ਦੇ ਬੋਲ ਬੋਲਦੀ ਹੈ। ਦੂਜੀਆਂ ਕੁੜੀਆਂ ਉਸ ਵੱਲ ਉਤਸੁਕਤਾ ਨਾਲ਼ ਵੇਖਦੀਆਂ ਹਨ। ਉਹਨਾਂ ਦੀ ਨਿਗ੍ਹਾ ਬੁੜ੍ਹਕਦੀ ਹੋਈ ਖਿੱਦੋ ’ਤੇ ਟਿਕੀ ਹੁੰਦੀ ਹੈ। ਖਿੱਦੋ ਬੁੜ੍ਹਕਣ ਤੋਂ ਭਾਵ ਖਿੱਦੋ ਦੇ ਟੱਪੇ ਮਰਵਾਉਣਾ ਹੈ।



ਜਦੋਂ ਇੱਕ ਥਾਲ਼ ਮੁੱਕ ਜਾਂਦਾ ਹੈ ਤਾਂ ਬਿਨਾਂ ਰੁਕੇ ਦੂਜੇ ਥਾਲ਼ ਦੇ ਬੋਲ ਬੋਲੇ ਜਾਂਦੇ ਹਨ। ਇਸੇ ਤਰ੍ਹਾਂ ਦੂਜੇ ਪਿੱਛੋਂ ਤੀਜਾ ਅਤੇ ਤੀਜੇ ਪਿੱਛੋਂ ਚੌਥਾ ਤੇ ਇੰਞ ਥਾਲ਼ ਤੇ ਥਾਲ਼ ਬੋਲੇ ਜਾਂਦੇ ਹਨ। ਜੇ ਸੱਜਾ ਹੱਥ ਥੱਕ ਜਾਵੇ ਤਾਂ ਖੱਬੇ ਹੱਥ ਦੀ ਤਲ਼ੀ ਨਾਲ਼ ਖਿੱਦੋ ਬੁੜ੍ਹਕਾਉਣ ਦਾ ਸਿਲਸਿਲਾ ਜਾਰੀ ਰਹਿੰਦਾ ਹੈ। ਥਾਲ਼ਾਂ ਦੀ ਗਿਣਤੀ ਨਾਲ਼ੋ-ਨਾਲ਼ ਕੀਤੀ ਜਾਂਦੀ ਹੈ। ਜਿੱਥੇ ਵੀ ਖਿੱਦੋ ਡਿੱਗ ਪਵੇ ਉੱਥੇ ਹੀ ਖੇਡਣ ਵਾਲ਼ੀ ਕੁੜੀ ਦੀ ਹਾਰ ਹੋ ਜਾਂਦੀ ਹੈ ਤੇ ਅਗਲੀ ਕੁੜੀ ਥਾਲ਼ ਪਾਉਣੇ ਅਰੰਭ ਕਰ ਦਿੰਦੀ ਹੈ। ਇਸੇ ਤਰ੍ਹਾਂ ਵਾਰੋ-ਵਾਰ ਸਾਰੀਆਂ ਕੁੜੀਆਂ ਥਾਲ਼ ਪਾਉਂਦੀਆਂ ਹਨ। ਅਖੀਰ ਵਿੱਚ ਸਾਰੀਆਂ ਕੁੜੀਆਂ ਦੇ ਥਾਲ਼ਾਂ ਦੀ ਗਿਣਤੀ ਕੀਤੀ ਜਾਂਦੀ ਹੈ। ਜਿਸ ਕੁੜੀ ਨੇ ਸਭ ਤੋਂ ਵੱਧ ਥਾਲ਼ ਪਾਏ ਹੋਣ, ਉਸ ਕੁੜੀ ਨੂੰ ਜੇਤੂ ਮੰਨਿਆ ਜਾਂਦਾ ਹੈ।

ਥਾਲ਼ਾਂ ਦੀ ਲੰਬਾਈ ਵਿੱਚ ਥੋੜਾ-ਬਹੁਤਾ ਹੀ ਅੰਤਰ ਹੁੰਦਾ ਹੈ। ਇਹ ਗੀਤ ਖਿੱਦੋ ਦੀ ਗਤੀ ਅਨੁਸਾਰ ਇੱਕ ਖ਼ਾਸ ਸੁਰ ਤੇ ਤਾਲ ’ਤੇ ਗਾਏ ਜਾਂਦੇ ਹਨ।

ਥਾਲ਼ ਪਾਉਂਦੀਆਂ ਕੁੜੀਆਂ ਦੀ ਉਮਰ ਬਚਪਨ ਅਤੇ ਜਵਾਨੀ ਦੇ ਵਿਚਕਾਰ ਹੋਣ ਕਰਕੇ ਉਹਨਾਂ ਦਾ ਸੰਸਾਰ ਆਪਣੇ ਭੈਣ-ਭਰਾਵਾਂ, ਭਰਜਾਈਆਂ ਅਤੇ ਮਾਂ-ਬਾਪ ਦੇ ਆਲ਼ੇ-ਦੁਆਲ਼ੇ ਹੀ ਉੱਸਰਿਆ ਹੁੰਦਾ ਹੈ। ਇਸ ਲਈ ਉਹ ਆਪਣੇ ਥਾਲ਼ਾਂ ਦੇ ਗੀਤਾਂ ਵਿੱਚ ਉਹਨਾਂ ਦਾ ਜ਼ਿਕਰ ਵਾਰ-ਵਾਰ ਕਰਦੀਆਂ ਹਨ। ਵੀਰਾਂ ਲਈ ਭੈਣਾਂ ਦਾ ਡੁੱਲ੍ਹ-ਡੁੱਲ੍ਹ ਪੈਂਦਾ ਪਿਆਰ ਝਲਕਦਾ ਹੈ। ਆਪਣੇ ਮਾਂ-ਬਾਪ ਪ੍ਰਤਿ ਮੋਹ ਦਾ ਪ੍ਰਗਟਾਵਾ ਕਰਦੀਆਂ ਕੁੜੀਆਂ ਦੇ ਬੋਲ ਹਵਾਵਾਂ ਵਿੱਚ ਮੋਹ-ਮੁਹੱਬਤਾਂ ਦੀ ਸੁਗੰਧੀ ਖਿਲਾਰ ਦਿੰਦੇ ਹਨ। ਖਿੱਦੋ ਦੇ ਬੁੜ੍ਹਕਣ ਅਥਵਾ ਟੱਪਾ ਲਾਉਣ ਨਾਲ਼ ਹੀ ਥਾਲ਼ ਦੇ ਬੋਲ ਸੁਣਾਈ ਦਿੰਦੇ ਹਨ। ਥਾਲ਼ ਅਰੰਭ ਹੁੰਦਾ ਹੈ :

ਥਾਲ਼, ਥਾਲ਼, ਥਾਲ਼
ਮਾਂ ਮੇਰੀ ਦੇ ਲੰਮੇ ਵਾਲ਼
ਪਿਓ ਮੇਰਾ ਸ਼ਾਹੂਕਾਰ
ਸ਼ਾਹੂਕਾਰ ਨੇ ਬਾਗ਼ ਲਵਾਇਆ
ਅੰਦਰੋਂ ਪਾਣੀ ਰੁੜ੍ਹਦਾ ਆਇਆ
ਰੁੜ੍ਹ-ਰੁੜ੍ਹ ਪਾਣੀਆ
ਸੁਰਮੇਦਾਨੀਆਂ
ਸੁਰਮਾ ਪਾਵਾਂ
ਕੱਜਲ਼ ਪਾਵਾਂ
ਪਾਵਾਂ ਫੁੱਲ ਗੁਲਾਬ ਦਾ
ਭਾਬੀ ਮੇਰੀ ਜ਼ੁਲਫ਼ਾਂ ਵਾਲ਼ੀ
ਵੀਰ ਮੇਰਾ ਸਰਦਾਰ
ਆਲ ਮਾਲ
ਹੋਇਆ ਬੀਬੀ
ਪਹਿਲਾ ਥਾਲ਼।

ਪਹਿਲਾ ਥਾਲ਼ ਮੁੱਕਣ ਦੇ ਨਾਲ਼ ਹੀ ਦੂਜਾ ਥਾਲ਼ ਸ਼ੁਰੂ ਕਰਦੀ ਹੋਈ ਭੈਣ ਆਪਣੇ ਵੀਰ ਨੂੰ ਯਾਦ ਕਰਦੀ ਹੈ :

ਕੋਠੇ ਉੱਤੇ ਗੰਨਾ
ਵੀਰ ਮੇਰਾ ਲੰਮਾ
ਭਾਬੋ ਮੇਰੀ ਪਤਲੀ
ਜੀਹਦੇ ਨੱਕ ਮਛਲੀ

.......................

.......................

ਆਲ ਮਾਲ

ਹੋਇਆ ਬੀਬੀ

ਦੂਜਾ ਥਾਲ਼।

ਇਸ ਤਰ੍ਹਾਂ ਥਾਲ਼ਾਂ ਦੇ ਥਾਲ਼ ਪਾਏ ਜਾਂਦੇ ਹਨ। ਦਰਜਨਾਂ ਦੀ ਗਿਣਤੀ ਵਿੱਚ ਇਹ ਥਾਲ਼ ਮਿਲਦੇ ਹਨ।

ਮਸ਼ੀਨੀਕਰਨ ਦੇ ਪ੍ਰਭਾਵ ਕਾਰਨ ਮਨੋਰੰਜਨ ਦੇ ਸਾਧਨ ਤਬਦੀਲ ਹੋ ਗਏ ਹਨ। ਇਸ ਕਰਕੇ ਥਾਲ਼ ਪਾਉਣ ਦੀ ਪਰੰਪਰਾ ਹੀ ਖ਼ਤਮ ਹੋ ਗਈ ਹੈ। ਪੰਜਾਬ ਦੇ ਪੇਂਡੂ ਸਕੂਲਾਂ ਵਿੱਚ ਅੱਧੀ ਛੁੱਟੀ ਵੇਲ਼ੇ ਨਿੱਕੀਆਂ ਬਾਲੜੀਆਂ ਰਬੜ ਦੀ ਗੇਂਦ ਨਾਲ਼ ਥਾਲ਼ ਪਾਉਂਦੀਆਂ ਕਦੀ-ਕਦੀ ਨਜ਼ਰ ਆਉਂਦੀਆਂ ਹਨ। ਸ਼ਹਿਰਾਂ ਵਿੱਚੋਂ ਤਾਂ ਇਹ ਖੇਡ ਸਮਾਪਤ ਹੀ ਹੋ ਗਈ ਹੈ।

## ਪਾਠ-ਅਭਿਆਸ

1. ਦੱਸੋ :

(ੳ) ਥਾਲ਼ ਕਿਸ ਉਮਰ ਦੀਆਂ ਕੁੜੀਆਂ ਦੀ ਖੇਡ ਹੈ?

(ਅ) ਥਾਲ਼ ਪਾਉਣ ਲਈ ਕਿਸ ਚੀਜ਼ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਹ ਖੇਡ ਕਿਵੇਂ ਖੇਡੀ ਜਾਂਦੀ ਹੈ?

(ੲ) ਇਸ ਖੇਡ ਵਿੱਚ ਕੁੜੀਆਂ ਦੀ ਕਿੰਨੀ ਗਿਣਤੀ ਹੁੰਦੀ ਹੈ?

(ਸ) ਕੁੜੀਆਂ ਥਾਲ਼ ਦੀ ਖੇਡ ਖੇਡਣ ਵੇਲ਼ੇ ਕਿਹੜੇ-ਕਿਹੜੇ ਰਿਸ਼ਤਿਆਂ ਦਾ ਵਾਰ-ਵਾਰ ਜ਼ਿਕਰ ਕਰਦੀਆਂ ਹਨ?

(ਹ) ਇਸ ਖੇਡ ਵਿੱਚ ਜਿੱਤ-ਹਾਰ ਕਿਵੇਂ ਹੁੰਦੀ ਹੈ?

(ਕ) ਇਸ ਪਾਠ ਵਿੱਚ ਆਏ ਪਹਿਲੇ ਥਾਲ਼ ਦੇ ਕੀ ਬੋਲ ਹਨ?

(ਖ) ਥਾਲ਼ ਦੇ ਬੋਲ ਕਦੋਂ ਸੁਣਾਈ ਦਿੰਦੇ ਹਨ?

2. ਖ਼ਾਲੀ ਥਾਂਵਾਂ ਭਰੋ :

(ੳ) ਥਾਲ਼ .................... ਕੁੜੀਆਂ ਦੀ ਹਰਮਨ-ਪਿਆਰੀ ਲੋਕ-ਖੇਡ ਹੈ।

(ਅ) ਇਹ ਖੇਡ ਘਰਾਂ ਦੇ .................... ਵਿੱਚ ਖੇਡੀ ਜਾਂਦੀ ਹੈ।

(ੲ) ਇੱਕ ਤੋਂ ਵੱਧ .................... ਇਹ ਖੇਡ, ਖੇਡਦੀਆਂ ਹਨ।

(ਸ) ਜਿਸ ਕੁੜੀ ਨੇ ਸਭ ਤੋਂ ਵੱਧ .................... ਪਾਏ ਹੋਣ, ਉਸ ਨੂੰ ਜੇਤੂ ਮੰਨਿਆ ਜਾਂਦਾ ਹੈ।

(ਹ) ਇਹ ਗੀਤ ਖਿੱਦੋ ਦੀ ਗਤੀ ਅਨੁਸਾਰ ਇੱਕ ਖ਼ਾਸ .................... ਤੇ .................... 'ਤੇ ਗਾਏ ਜਾਂਦੇ ਹਨ।

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਮੋਹ, ਦਲਾਨ, ਸੁਗੰਧੀ, ਮਨੋਰੰਜਨ, ਦਿਲਚਸਪ, ਉਤਸੁਕਤਾ

4. ਆਪਣੀ ਮਨ-ਪਸੰਦ ਖੇਡ ਬਾਰੇ ਦਸ ਸਤਰਾਂ ਲਿਖੋ।

## ਵਿਆਕਰਨ :

**ਵਿਸ਼ੇਸ਼ਣ :** ਜਿਹੜੇ ਸ਼ਬਦ ਨਾਂਵ ਜਾਂ ਪੜਨਾਂਵ ਦੀ ਵਿਸ਼ੇਸ਼ਤਾ ਪ੍ਰਗਟ ਕਰਨ, ਉਹਨਾਂ ਨੂੰ ਵਿਸ਼ੇਸ਼ਣ ਕਹਿੰਦੇ ਹਨ। ਵਿਸ਼ੇਸ਼ਣ ਸ਼ਬਦ ਪੰਜ ਪ੍ਰਕਾਰ ਦੇ ਹੁੰਦੇ ਹਨ :

(1) ਗੁਣਵਾਚਕ ਵਿਸ਼ੇਸ਼ਣ

(2) ਸੰਖਿਆਵਾਚਕ ਵਿਸ਼ੇਸ਼ਣ

(3) ਪਰਿਮਾਣਵਾਚਕ ਵਿਸ਼ੇਸ਼ਣ

(4) ਨਿਸ਼ਚੇਵਾਚਕ ਵਿਸ਼ੇਸ਼ਣ

(5) ਪੜਨਾਂਵੀਂ ਵਿਸ਼ੇਸ਼ਣ

ਹੇਠਾਂ ਦਿੱਤੇ ਵਾਕਾਂ ਵਿੱਚ ਰੰਗੀਨ ਸ਼ਬਦ ਵਿਸ਼ੇਸ਼ਣ ਹਨ :

- ਇਹਦੇ ਖੇਡਣ ਦਾ ਤਰੀਕਾ ਬਹੁਤ ਹੀ ਸੌਖਾ ਤੇ ਸਰਲ ਹੈ।
- ਥਾਲ਼ ਦੀ ਖੇਡ ਬਹੁਤ ਦਿਲਚਸਪ ਹੈ।
- ਇਹ ਕੁੜੀਆਂ ਦੀ ਹਰਮਨ-ਪਿਆਰੀ ਲੋਕ-ਖੇਡ ਹੈ।
- ਥਾਲ਼ਾਂ ਦੀ ਲੰਬਾਈ ਵਿੱਚ ਥੋੜ੍ਹਾ-ਬਹੁਤਾ ਹੀ ਅੰਤਰ ਹੁੰਦਾ ਹੈ।
- ਕੁੜੀਆਂ ਦੇ ਬੋਲ ਹਵਾਵਾਂ ਵਿੱਚ ਮੋਹ-ਮੁਹੱਬਤਾਂ ਦੀ ਸੁਗੰਧੀ ਖਿਲਾਰ ਦਿੰਦੇ ਹਨ।
- ਵੀਰ ਮੇਰਾ ਲੰਮਾ, ਭਾਬੋ ਮੇਰੀ ਪਤਲੀ।
- ਨਿੱਕੀਆਂ ਬਾਲੜੀਆਂ ਰਬੜ ਦੀ ਗੇਂਦ ਨਾਲ਼ ਥਾਲ਼ ਪਾਉਂਦੀਆਂ ਹਨ।
- ਦਰਜਨਾਂ ਦੀ ਗਿਣਤੀ ਵਿੱਚ ਇਹ ਥਾਲ਼ ਮਿਲਦੇ ਹਨ।

ਅਧਿਆਪਕ ਲਈ :

ਬੱਚਿਆਂ ਨੂੰ ਇਸ ਪਾਠ ਵਿਚਲੀ ਲੋਕ-ਖੇਡ ਖੇਡਣ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਹੋਰ ਥਾਲ਼-ਗੀਤ ਲੱਭਣ ਜਾਂ ਰਚਣ ਲਈ ਪ੍ਰੇਰਿਆ ਜਾਵੇ।

*****

## ਪਾਠ-10

# ਕੀੜੀ



ਕੀੜੀ-ਕੀੜੀ ਕਹਿ ਕੇ ਉਸ ਨੂੰ, ਐਵੇਂ ਨਾ ਦੁਰਕਾਰੋ,
ਕੀੜੀ ਭਾਵੇਂ ਨਿੱਕੀ ਦਿਸਦੀ ਪਰ ਉਸ ਨੂੰ ਸਤਿਕਾਰੋ।
ਨਾ ਉਸ ਦੇ ਵਿੱਚ ਮਾਸ ਹੈ ਲੱਗਦਾ, ਨਾ ਦਿਸਦੀ ਹੈ ਖੱਲ,
ਨਿੱਕਾ-ਨਿੱਕਾ ਤਨ ਹੈ ਉਸ ਦਾ, ਵੱਡੀ ਉਸ ਦੀ ਗੱਲ।
ਨਾ ਕੁਝ ਸਾਨੂੰ ਬੋਲ ਸੁਣਾਵੇ, ਨਾ ਕੋਈ ਭਰੇ ਹੁੰਗਾਰਾ,
ਪਰ ਉਸ ਦੇ ਨੇ ਕੰਮ ਅਜਿਹੇ, ਧਿਆਨ ਜੋ ਖਿੱਚਣ ਸਾਰਾ।
ਇੱਕੋ ਤੋਰ ਤੁਰੀ ਉਹ ਜਾਵੇ, ਬੱਸ ਅੱਗੇ ਤੋਂ ਅੱਗੇ,
ਉਸ ਦਾ ਤੁਰਨਾ ਜੀਵਨ ਜਾਪੇ, ਖੜ੍ਹਨਾ ਮਰਨਾ ਲੱਗੇ।
ਹਰ ਵੇਲ਼ੇ ਹੀ ਕਿਸੇ ਕੰਮ ਵਿੱਚ, ਉਹ ਰੁੱਝੀ ਹੈ ਰਹਿੰਦੀ,
ਜੇ ਰੁੱਝ ਜਾਈਏ ਉਸ ਦੇ ਵਾਂਗੂ, ਔਕੜ ਕੁਝ ਨਾ ਕਹਿੰਦੀ।
ਉਸ ਦਾ ਸਾਹਸ, ਲਗਨ ਜਦ ਤੱਕੀਏ, ਜਿੰਦ ਨੂੰ ਆਏ ਹੁਲਾਰਾ,
ਡਿਗਦਾ-ਡਿਗਦਾ ਮਨ ਜੇ ਹੋਵੇ, ਫਿਰ ਤੋਂ ਹੋਏ ਕਰਾਰਾ।
ਉਸ ਦੀ ਲੋੜ ਜਦੋਂ ਮੈਂ ਤੱਕੀ, ਥੋੜ੍ਹੀ-ਥੋੜ੍ਹੀ ਜਾਪੇ,
ਬੰਦਿਆਂ ਵਾਂਗ ਨਾ ਧਰਤੀ ਨੂੰ ਉਹ, ਗਿੱਠਾਂ ਦੇ ਵਿੱਚ ਨਾਪੇ।
ਇੱਕ-ਇੱਕ ਕਰਕੇ ਦਲ ਬਣ ਜਾਂਦਾ, ਦਲ ਬਣ ਜਾਂਦਾ ਭਾਰਾ,
ਆਪਸ ਵਿੱਚ ਹੀ ਇੱਕ-ਦੂਜੀ ਦਾ, ਬਣਦੀਆਂ ਹੈਣ ਸਹਾਰਾ।
ਜਦ ਕੁਝ ਖਾਵਣ, ਜੋ ਕੁਝ ਖਾਵਣ, ਰਲ਼-ਮਿਲ਼ ਕੇ ਹੀ ਖਾਵਣ,
ਬੰਦਿਆਂ ਵਾਂਗ ਨਾ ਦਲ ਕੀੜੀ ਦੇ, ਵੰਡੀਆਂ ਥਾਂ-ਥਾਂ ਪਾਵਣ।
ਇੱਕ ਵਿਸ਼ਵਾਸ, ਭਰੋਸਾ ਲੈ ਕੇ, ਕੀੜੀ ਖੁੱਡ ਤੋਂ ਆਈ,
ਖਾਂਦੇ-ਖਾਂਦੇ ਜੋ ਕੁਝ ਬਚਿਆ, ਉਸ ਦੀ ਪੰਡ ਨਾ ਚਾਈ।
ਬਾਹਰ ਤੋਂ ਫਿਰ ਜੋ ਕੁਝ ਲੱਭਿਆ, ਫਿਰ ਖੁੱਡ ਵਿੱਚ ਲੈ ਆਵੇ,
ਆਪਸ ਦੇ ਇਤਬਾਰ ਦੇ ਉੱਤੇ, ਲੱਭਤ ਧਰ ਤੁਰ ਜਾਵੇ।
ਕਦੇ-ਕਦਾਈਂ ਆਉਂਦੇ-ਜਾਂਦੇ, ਮੁੱਖ ਨਾਲ਼ ਮੁੱਖ ਛੁਹਾਵਣ,
ਇਉਂ ਲੱਗਦੈ ਜਿਉਂ ਇੱਕ-ਦੂਜੀ ਨੂੰ, ਗੱਲ ਉਹ ਕੋਈ ਪੁਚਾਵਣ।

ਜਦ ਮਿੱਠੀਆਂ ਖੁਸ਼ਬੋਆਂ ਭਰੀਆਂ, ਸ਼ੈਆਂ ਕਿੱਧਰੇ ਮਹਿਕਣ,
ਕੀੜੀਆਂ ਉੱਥੇ ਸੰਗ ਸਹੇਲੀਆਂ, ਕਲੀਆਂ ਵਾਂਗੂ ਟਹਿਕਣ।
ਏਡਾ ਪਿਆਰ ਨਾ ਦਿਸਿਆ ਕਿਧਰੇ, ਮਹਿਕਾਂ ਦੂਰ ਖਲੇਰੇ,
ਦੇਸ-ਪਿਆਰ ਦਾ ਕੇਹਾ ਅਜੂਬਾ, ਵੰਡੇ ਖ਼ੁਸ਼ੀ ਚੁਫੇਰੇ।
ਆਓ, ਰਲ਼ ਕੇ ਕੀੜੀ ਵਾਂਗੂੰ, ਰੁੱਝੀਏ ਪਿਆਰ ਵੰਡਾਈਏ,
ਸਿਦਕ, ਲਗਨ ਸੰਗ ਮਿਹਨਤ ਕਰੀਏ, ਜੱਗ 'ਸੁਰਜੀਤ' ਬਣਾਈਏ।

## ਪਾਠ-ਅਭਿਆਸ

1. **ਦੱਸੋ :**

(ੳ) ਕੀੜੀ ਕਿਹੋ-ਜਿਹੀ ਦਿਸਦੀ ਹੈ ?
(ਅ) ਕੀੜੀ ਦੇ ਕੰਮ ਤੇ ਉਸ ਦੀ ਲਗਨ ਕਿਹੋ-ਜਿਹੀ ਹੈ ?
(ੲ) ਕੀੜੀਆਂ ਦਾ ਦਲ ਰਲ਼-ਮਿਲ਼ ਕੇ ਕਿਸ ਤਰ੍ਹਾਂ ਰਹਿੰਦਾ ਹੈ ?
(ਸ) ਕੀੜੀਆਂ ਗੱਲਾਂ ਕਿਵੇਂ ਕਰਦੀਆਂ ਹਨ ?
(ਹ) ਕੀੜੀ ਤੋਂ ਸਾਨੂੰ ਕੀ ਸਿੱਖਿਆ ਮਿਲ਼ਦੀ ਹੈ ?
(ਕ) ਕੀੜੀਆਂ ਆਪਸ ਵਿੱਚ ਕਿਵੇਂ ਰਹਿੰਦੀਆਂ ਹਨ ?
(ਖ) ਕਵੀ ਨੇ ਇਸ ਕਵਿਤਾ ਵਿੱਚ ਕੀ ਸੰਦੇਸ ਦਿੱਤਾ ਹੈ ?

2. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

ਤਨ, ਜੀਵਨ, ਧਰਤੀ, ਕਰਾਰਾ, ਭਰੋਸਾ

3. **ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਔਕੜ | : | ਔਖ, ਬਿਪਤਾ, ਮੁਸ਼ਕਲ |
| ਹੁੰਗਾਰਾ | : | ਗੱਲ ਦੇ ਜਵਾਬ ਵਿੱਚ 'ਹਾਂ-ਹਾਂ' ਜਾਂ 'ਹੂੰ-ਹੂੰ' ਕਰਨਾ, ਹਾਂ ਕਰਨਾ |
| ਸਾਹਸ | : | ਹੌਸਲਾ, ਦਲੇਰੀ, ਹਿੰਮਤ |
| ਲਗਨ | : | ਧੁਨ, ਸ਼ੌਕ, ਰੁਚੀ, ਲਿਵ |
| ਅਜੂਬਾ | : | ਅਜੀਬ ਚੀਜ਼, ਅਨੋਖੀ ਗੱਲ |
| ਇਤਬਾਰ | : | ਭਰੋਸਾ, ਯਕੀਨ, ਵਿਸ਼ਵਾਸ |
| ਸੁਰਜੀਤ | : | ਜ਼ਿੰਦਾ, ਜਿਉਂਦਾ (ਪਰ ਇਸ ਕਵਿਤਾ 'ਚ 'ਸੁਰਜੀਤ' ਤੋਂ ਭਾਵ ਸ਼ਾਇਰ ਦਾ ਉਪਨਾਮ ਹੈ) |

4. **ਇਸ ਕਵਿਤਾ ਵਿੱਚ ਆਏ ਇੱਕੋ ਲੈਅ ਵਾਲ਼ੇ ਹੋਰ ਸ਼ਬਦ ਲਿਖੋ, ਜਿਵੇਂਕਿ ਉਦਾਹਰਨ ਵਿੱਚ ਦੱਸਿਆ ਗਿਆ ਹੈ :**

ਉਦਾਹਰਨ- ਮਹਿਕਣ-ਟਹਿਕਣ

### ਵਿਆਕਰਨ :

ਇਸ ਕਵਿਤਾ ਵਿੱਚੋਂ ਵਿਸ਼ੇਸ਼ਣ ਸ਼ਬਦ ਚੁਣ ਕੇ ਆਪਣੀ ਕਾਪੀ ਵਿੱਚ ਲਿਖੋ।

*****

# ਪਾਠ-11

# ਦਾਤੇ

ਘਰ ਵਿੱਚ ਕੋਈ ਵੀ ਚੀਜ਼ ਆ ਸਕਣੀ ਮੁਸ਼ਕਲ ਸੀ। ਬੱਚੇ ਹੀ ਏਨੇ ਹੋ ਗਏ ਸਨ ਕਿ ਮੁਸ਼ਕਲ ਨਾਲ਼ ਘਰ ਦਾ ਅੰਨ-ਪਾਣੀ ਟੁਰਦਾ ਸੀ। ਕਈ ਮਹੀਨੇ ਹੋਏ, ਗੀਤਾ ਦੀ ਖ਼ੂਬਸੂਰਤ ਤੇਲ ਦੀ ਬੋਤਲ ਖ਼ਾਲੀ ਹੋ ਗਈ ਸੀ। ਫਿਰ ਉਸ ਬੋਤਲ ਵਿੱਚ ਸਰ੍ਹੋਂ ਦਾ ਤੇਲ ਪਾ ਲਿਆ ਗਿਆ। ਬੋਤਲ ਉੱਤੇ ਲੰਮੇ ਵਾਲ਼ਾਂ ਵਾਲ਼ੀ ਇਸਤਰੀ ਦੀ ਤਸਵੀਰ ਥਿੰਦੀ ਹੋ ਕੇ ਬਿਲਕੁਲ ਖ਼ਰਾਬ ਹੋ ਗਈ ਪਰ ਨਵੀਂ ਬੋਤਲ ਨਾ ਆ ਸਕੀ।

ਬੱਚਿਆਂ ਦੇ ਪਿਤਾ ਕੋਲ਼ ਇੱਕੋ ਕਈ ਸਾਲ ਪੁਰਾਣਾ ਗਰਮ ਸੂਟ ਸੀ। ਸਰਦੀਆਂ ਵਿੱਚ ਉਹ ਗਰਮੀਆਂ ਨੂੰ ਉਡੀਕਦੇ ਕਿਉਂਜੋ ਉਦੋਂ ਗਰਮ ਕੱਪੜੇ ਨਹੀਂ ਪਾਉਣੇ ਪੈਣਗੇ ਪਰ ਜਦੋਂ ਗਰਮੀਆਂ ਆਉਂਦੀਆਂ ਤਾਂ ਉਹ ਸਰਦੀਆਂ ਨੂੰ ਉਡੀਕਣ ਲੱਗ ਜਾਂਦੇ।

ਖਾਣ-ਪੀਣ ਦਾ ਵੀ ਇਹੋ ਹਾਲ ਸੀ। ਸਵੇਰੇ ਉਹ ਦੁੱਧ ਲੈ ਲੈਂਦੇ ਪਰ ਸਾਰਾ ਦਿਨ ਪੀਂਦਾ ਕੋਈ ਨਾ। ਕੁਝ ਚਾਹ ਵਿੱਚ ਪਾ ਲੈਂਦੇ ਤੇ ਬਾਕੀ ਦਾ ਪਿਆ ਰਹਿੰਦਾ। ਫਿਰ ਰਾਤ ਨੂੰ ਵਾਰੀ ਨਾਲ਼ ਕੋਈ ਬੱਚਾ ਇਹ ਦਿਨ ਦਾ ਬਚਿਆ ਦੁੱਧ ਪੀ ਲੈਂਦਾ। ਇਸ ਤਰ੍ਹਾਂ ਸਾਰਾ ਦਿਨ ਘਰ ਵਿੱਚ ਕਾਫੀ ਦੁੱਧ ਹੋਣ ਦਾ ਭੁਲੇਖਾ ਬਣਿਆ ਰਹਿੰਦਾ।

ਇੱਕ ਦਿਨ ਚੂੜੀਆਂ ਵੇਚਣ ਵਾਲ਼ਾ ਆਇਆ। ਗੀਤਾ ਦੀਆਂ ਤਿੰਨੇ ਧੀਆਂ ਗੀਤਾਂ ਨੂੰ ਨਾਲ਼ ਲੈ ਕੇ ਉਸ ਦੇ ਕੋਲ਼ ਬੈਠ ਗਈਆਂ। ਕਈ ਨਮੂਨੇ ਪਸੰਦ ਹੋਏ ਤੇ ਫਿਰ ਕਈ ਉਹਨਾਂ ਤੋਂ ਵੀ ਵੱਧ ਪਸੰਦ। ਜਿਹੜਾ ਇੱਕ ਨੂੰ ਚੰਗਾ ਲੱਗਦਾ ਸੀ, ਉਹੀ ਦੂਜੀ ਮੰਗਦੀ। ਵੇਚਣ ਵਾਲ਼ੇ ਨੇ ਇੱਕ ਨਮੂਨਾ ਗੀਤਾ ਨੂੰ ਵੀ ਪਸੰਦ ਕਰਵਾ ਲਿਆ ਪਰ ਜਦੋਂ ਉਸ ਨੇ ਹਿਸਾਬ ਕੀਤਾ ਤਾਂ ਤਿੰਨੋ ਕੁੜੀਆਂ ਦੀਆਂ ਚੂੜੀਆਂ ਦੇ ਹੀ ਇੱਕ ਰੁਪਈਆ ਪੈਂਹਠ ਪੈਸੇ ਬਣ ਗਏ। ਗੀਤਾ ਨੂੰ ਆਪ ਚੂੜੀਆਂ ਚੜ੍ਹਾਉਣ ਦਾ ਹੌਸਲਾ ਨਾ ਪਿਆ।

ਬਹੁਤੇ ਬੱਚੇ ਹੋਣ ਕਰਕੇ ਉਹਨਾਂ ਦੀ ਹਾਲਤ ਮੰਦੀ ਹੋ ਹਈ ਸੀ ਪਰ ਉਹਨਾਂ ਪੰਜਾਂ ਬੱਚਿਆਂ ਉੱਤੇ ਇਸ ਮਾੜੇ ਹਾਲ ਦਾ ਅਸਲੋਂ ਹੀ ਕੋਈ ਅਸਰ ਨਹੀਂ ਸੀ। ਹਰ ਸ਼ੈ ਤੋਂ ਬੇਖ਼ਬਰ ਉਹ ਇਸ ਤਰ੍ਹਾਂ ਰੁੱਝ ਕੇ ਆਪੋ ਵਿੱਚ ਖੇਡਦੇ ਰਹਿੰਦੇ, ਜਿਵੇਂ ਜ਼ਮੀਨ ਕੇਵਲ ਉਹਨਾਂ ਦੇ ਖੇਡਣ ਲਈ ਹੀ ਬਣੀ ਹੋਵੇ ਤੇ ਸੂਰਜ ਉਹਨਾਂ ਨੂੰ ਖਿਡਾਉਣ ਲਈ ਹੀ ਚੜ੍ਹਿਆ ਹੋਵੇ।

ਇਸ ਗ਼ਰੀਬ ਘਰ ਵਿੱਚ ਉਹਨਾਂ ਦੀ ਆਪਣੀ ਵੱਖਰੀ ਹੀ ਦੁਨੀਆਂ ਸੀ। ਕਦੇ-ਕਦੇ ਬੈਠੇ-ਬੈਠੇ ਉਹ ਨਾਟਕ ਕਰਨ ਲੱਗ ਜਾਂਦੇ। ਕੋਈ ਡਾਕਟਰ ਬਣਦਾ, ਕੋਈ ਨਰਸ ਤੇ ਕੋਈ ਬਿਮਾਰ। ਕਦੇ ਕੁੜੀਆਂ ਇੱਕ-ਦੂਜੇ ਦੀਆਂ ਗੁਆਂਢਣਾਂ ਬਣ ਜਾਂਦੀਆਂ ਤੇ ਫਿਰ ਬੱਚਿਆਂ ਦੀਆਂ ਤੇ ਉਹਨਾਂ ਦੀਆਂ ਮਾਂਵਾਂ ਦੀਆਂ ਬਹੁਤ ਸਾਰੀਆਂ ਗੱਲਾਂ ਕਰਦੀਆਂ। ਉਹ ਹਰ ਰੋਜ਼ ਸਕੂਲੋਂ ਜਾਂ ਆਂਢ-ਗੁਆਂਢ ਤੋਂ ਨਵੀਂ ਖੇਡ ਸਿੱਖ-ਸਿੱਖ ਕੇ ਆਉਂਦੇ ਤੇ ਗੀਤਾ ਨੂੰ ਸਮਝ ਵੀ ਨਾ ਆਉਂਦੀ ਕਿ ਉਹ ਕੀ ਖੇਡ ਰਹੇ ਹਨ। ਸਭ ਤੋਂ ਛੋਟਾ ਮੁੰਡਾ ਟੱਬਰ ਦੇ ਹਰ ਜੀਅ ਨੂੰ ਬਾਹਰੋਂ ਆਉਂਦੇ ਵੇਖ ਕੇ ਕਿਲਕਾਰੀਆਂ ਮਾਰਦਾ। ਉਹ ਹਰ ਨਵੀਂ ਚੀਜ਼ ਨੂੰ ਵੇਖ ਕੇ ਹੱਸਦਾ ਭਾਵੇਂ ਉਹ ਉਸ ਦੀ ਭੈਣ ਦੀਆਂ ਪੁਰਾਣੀਆਂ ਰੰਗਦਾਰ ਚੱਪਲਾਂ ਹੀ ਕਿਉਂ ਨਾ ਹੋਣ।

ਇੱਕ ਦਿਨ ਗੀਤਾ ਬਜ਼ਾਰ ਗਈ ਹੋਈ ਸੀ। ਬੱਚੇ ਘਰ ਵਿੱਚ ਖੇਡ ਰਹੇ ਸਨ। ਘਰ ਵਿੱਚੋਂ ਉੱਠ ਰਹੇ ਹਾਸੇ ਤੇ ਕੂਕਾਂ ਇਸ ਗੱਲ ਦੀ ਗਵਾਹੀ ਸਨ। ਵੱਡੀ ਕੁੜੀ ਮਾਂ ਬਣੀ ਹੋਈ ਸੀ। ਬਾਕੀ ਸਾਰੇ ਹੱਸ ਰਹੇ ਸਨ।

"ਤੂੰ ਮੰਮੀ ਦੀ ਕਮੀਜ਼ ਪਾ ਲੈ", ਕਿਸੇ ਨੇ ਸਲਾਹ ਦਿੱਤੀ।

"ਹਾਂ, ਹਾਂ", ਸਾਰਿਆਂ ਇੱਕੋ ਵਾਰ ਕਿਹਾ।

ਵੱਡੀ ਕੁੜੀ ਨੇ ਇੱਕ ਟ੍ਰੰਕ ਉੱਤੇ ਪਏ ਮੈਲ਼ੇ ਕੱਪੜਿਆਂ ਵਿੱਚੋਂ ਇੱਕ ਕਮੀਜ਼ ਪਛਾਣ ਕੇ ਚੁੱਕ ਲਈ। ਨਾਲ਼ ਕੁਝ ਖੜਕਿਆ। "ਆਹ! ਚਾਬੀਆਂ!" ਉਸ ਨੇ ਟੱਪ ਕੇ ਕਿਹਾ। ਚਾਬੀਆਂ ਦਾ ਮਤਲਬ ਸੀ ਮੰਮੀ ਦਾ ਖੁੱਲਾ ਟ੍ਰੰਕ। ਟ੍ਰੰਕ ਵਿੱਚ ਪੈਸੇ, ਬੈਟਰੀ, ਵੱਡੀ ਕੁੜੀ ਦਾ ਛੋਟੇ ਹੁੰਦਿਆਂ ਦਾ ਮੋਤੀਆਂ ਵਾਲ਼ਾ ਫ਼ਰਾਕ ਤੇ ਹੋਈ ਕਈ ਕੁਝ। ਉਹਨਾਂ ਨੂੰ ਖੇਡ ਭੁੱਲ ਗਈ।

ਜਿੰਦਰੇ ਵਿੱਚ ਚਾਬੀ ਗਈ। "ਓ ਸਦਕੇ! ਖੁੱਲ੍ਹ ਗਿਆ।" ਵੱਡੀ ਕੁੜੀ ਨੇ ਖ਼ੁਸ਼ ਹੁੰਦਿਆਂ ਕਿਹਾ। ਉਸ ਨੇ ਥੋੜ੍ਹਾ ਜਿਹਾ ਢੱਕਣ ਚੁੱਕ ਕੇ ਪੈਸਿਆਂ ਵਾਲ਼ੇ ਪਾਸੇ ਹੱਥ ਮਾਰਿਆ। ਦਸਾਂ ਦਾ ਇੱਕ ਨੋਟ ਉਸ ਦੇ ਹੱਥ ਆ ਗਿਆ। ਉਸ ਨੇ ਬਾਹਰ ਕੱਢ ਕੇ ਵੇਖਿਆ। ਹਾਂ, ਦਸਾਂ ਦਾ ਨੋਟ ਹੀ ਸੀ।

"ਚੱਲੋ, ਬਜ਼ਾਰ ਚੱਲੀਏ।" ਸਾਰਿਆਂ ਇਕਦਮ ਸਲਾਹ ਬਣਾਈ। ਦਸਾਂ ਦਾ ਨੋਟ ਕੋਲ਼ ਹੋਣ ਕਰਕੇ ਸਾਰਾ ਸ਼ਹਿਰ ਉਹਨਾਂ ਨੂੰ ਆਪਣੀ ਮੁੱਠੀ ਵਿੱਚ ਜਾਪਦਾ ਸੀ।

"ਵੱਡੀ ਦੁਕਾਨ ਤੋਂ ਮਿਠਿਆਈ ਲਈਏ", ਬਜ਼ਾਰ ਅੱਪੜ ਕੇ ਇੱਕ ਨੇ ਸਲਾਹ ਦਿੱਤੀ।

"ਨਾ ਭਾਈ, ਮਿਠਿਆਈ ਖਾ ਕੇ ਬਿਮਾਰ ਹੋ ਜਾਈਦਾ ਏ", ਦੂਜੇ ਨੂੰ ਕਿਤੇ ਗੀਤਾ ਦਾ ਕਿਹਾ ਯਾਦ ਆ ਗਿਆ। "ਚੰਗਾ, ਖਿਡੌਣੇ ਲਈਏ," ਇੱਕ ਹੋਰ ਨੂੰ ਫੁਰਨਾ ਫੁਰਿਆ। ਮਨਿਆਰੀ ਵਾਲ਼ੀ ਦੁਕਾਨ ਵਿੱਚ ਲੱਕੜੀ ਦੇ ਸ਼ੋ-ਕੇਸਾਂ ਵਿੱਚ ਵੰਗਾਂ ਬਾਹਰ ਹੀ ਰੱਖੀਆਂ ਹੋਈਆਂ ਸਨ। ਵੱਡੀ ਤੋਂ ਛੋਟੀ ਨੂੰ ਖ਼ਿਆਲ ਆਇਆ ਕਿ ਜਿਸ ਦਿਨ ਉਹਨਾਂ ਸਾਰਿਆਂ ਨੇ ਵੰਗਾਂ ਚੜ੍ਹਾਈਆਂ ਸਨ, ਉਸ ਦਿਨ ਮੰਮੀ ਨੇ ਨਹੀਂ ਚੜ੍ਹਾਈਆਂ ਸਨ। ਅੱਜ ਐਨੇ ਪੈਸੇ ਨੇ। ਉਹਨਾਂ ਲਈ ਵੰਗਾਂ ਲੈਣੀਆਂ ਚਾਹੀਦੀਆਂ ਨੇ। ਉਸ ਦਾ ਇਹ ਖ਼ਿਆਲ ਸਾਰਿਆਂ ਨੂੰ ਪਸੰਦ ਆਇਆ।

"ਭਾਈ, ਮੰਮੀ ਦੇ ਮੇਚ ਦੀਆਂ ਵੰਗਾਂ ਦੇਹ", ਵੱਡੀ ਕੁੜੀ ਨੇ ਨੋਟ ਅੱਗੇ ਕਰਦਿਆਂ ਕਿਹਾ।

"ਕਿਹੜੀਆਂ ਲੈਣੀਆਂ ਨੇ?"

ਉਸ ਨੇ ਇੱਕ ਨਮੂਨੇ 'ਤੇ ਹੱਥ ਲਾ ਦਿੱਤਾ।

"ਕਿੰਨੀਆਂ?"

"ਬਾਰਾਂ", ਅੱਜ ਘੱਟ ਲੈਣ ਦਾ ਦਿਨ ਨਹੀਂ ਸੀ।

ਭਾਈ ਨੇ ਬਾਰਾਂ ਵੰਗਾਂ ਬੰਨ੍ਹ ਕੇ ਲਿਫ਼ਾਫ਼ੇ ਵਿੱਚ ਪਾ ਦਿੱਤੀਆਂ।

"ਜੇ ਪੂਰੀਆਂ ਨਾ ਆਈਆਂ ਤਾਂ ਅਸੀਂ ਬਦਲਾ ਲਵਾਂਗੇ।"

"ਅੱਛਾ! ਹੋਰ ਕੀ ਦਿਆਂ?"

ਬੱਚਿਆਂ ਕੋਲ਼ ਦਸਾਂ ਦਾ ਨੋਟ ਸੀ। ਸਾਮ੍ਹਣੇ ਤੇਲ ਦੀ ਇੱਕ ਬੋਤਲ ਪਈ ਸੀ। ਇਸ ਤਰ੍ਹਾਂ ਦੀ ਖ਼ਾਲੀ ਬੋਤਲ ਮੰਮੀ ਦੇ ਸ਼ਿੰਗਾਰ-ਮੇਜ਼ 'ਤੇ ਰਹਿੰਦੀ ਸੀ।

"ਇੱਕ ਇਹ ਤੇਲ ਦੀ ਬੋਤਲ ਦੇ-ਦੇ", ਵੱਡੀ ਕੁੜੀ ਨੇ ਕਿਹਾ। ਸਾਰਿਆਂ ਸਿਰ ਹਿਲਾ ਕੇ ਉਸ ਦੀ ਸ਼ਲਾਘਾ ਕੀਤੀ।

ਦੁਕਾਨਦਾਰ ਨੇ ਤੇਲ ਦੀ ਬੋਤਲ ਇੱਕ ਹੋਰ ਲਿਫ਼ਾਫੇ ਵਿੱਚ ਪਾ ਦਿੱਤੀ।

"ਅਹੁ ਪਾਊਡਰ ਵੀ ਦੇ-ਦੇ।"

ਉਸ ਨੇ ਪਾਊਡਰ ਦਾ ਡੱਬਾ ਵੀ ਰੱਖ ਦਿੱਤਾ।

"ਹੋਰ?"

ਅਜੇ ਕੁਝ ਪੈਸੇ ਬਾਕੀ ਸਨ।

"ਬੱਸ, ਹੋਰ ਕੁਝ ਨਹੀਂ। ਇਹ ਸਾਰਾ ਕੁਝ ਬੰਨ੍ਹ ਕੇ ਬਾਕੀ ਪੈਸੇ ਦੇ-ਦੇ।" ਸੁਗਾਤਾਂ ਦੀ ਇਹ ਪੋਟਲ਼ੀ ਚੁੱਕ ਕੇ ਜਦੋਂ ਘਰ ਨੂੰ ਟੁਰੇ ਤਾਂ ਸਭ ਤੋਂ ਛੋਟੀ ਕੁੜੀ ਨੇ ਕਿਹਾ, "ਅੱਜ ਅਸੀਂ ਮੰਮੀ ਨੂੰ ਖ਼ੁਸ਼ ਕਰ ਦੇਣਾ ਏ।"

# ਪਾਠ-ਅਭਿਆਸ

1. ਦੱਸੋ :

(ੳ) ਗੀਤਾ ਦੇ ਘਰ ਦੀ ਹਾਲਤ ਏਨੀ ਖ਼ਰਾਬ ਕਿਉਂ ਸੀ ?

(ਅ) ਗੀਤਾ ਦਾ ਪਰਿਵਾਰ ਗਰਮੀਆਂ ਵਿੱਚ ਸਰਦੀਆਂ ਨੂੰ ਅਤੇ ਸਰਦੀਆਂ ਵਿੱਚ ਗਰਮੀਆਂ ਨੂੰ ਕਿਉਂ ਉਡੀਕਦਾ ਸੀ ?

(ੲ) ਗੀਤਾ ਨੂੰ ਆਪ ਚੂੜੀਆਂ ਚੜ੍ਹਾਉਣ ਦਾ ਹੌਸਲਾ ਕਿਉਂ ਨਾ ਪਿਆ ?

(ਸ) ਬੱਚੇ ਆਪਣੀ ਮਾਤਾ ਲਈ ਚੂੜੀਆਂ, ਤੇਲ ਦੀ ਬੋਤਲ ਤੇ ਪਾਊਡਰ ਕਿਉਂ ਲੈ ਕੇ ਆਏ ?

(ਹ) ਇਸ ਕਹਾਣੀ ਵਿੱਚ ਦਾਤੇ ਕਿਸ ਨੂੰ ਕਿਹਾ ਗਿਆ ਹੈ ਤੇ ਕਿਉਂ ?

2. ਖ਼ਾਲੀ ਥਾਂਵਾਂ ਭਰੋ :

(ੳ) ਇਸ ਗ਼ਰੀਬ ਘਰ ਵਿੱਚ ਉਹਨਾਂ ਦੀ ਆਪਣੀ ਵੱਖਰੀ ਹੀ .................... ਸੀ।

(ਅ) ਤੂੰ ਮੰਮੀ ਦੀ .................... ਪਾ ਲੈ।

(ੲ) ਦਸਾਂ ਦਾ .................... ਕੋਲ਼ ਹੋਣ ਕਰਕੇ ਸਾਰਾ ਸ਼ਹਿਰ ਉਹਨਾਂ ਨੂੰ ਆਪਣੀ ਮੁੱਠੀ ਵਿੱਚ ਜਾਪਦਾ ਸੀ।

(ਸ) ਨਾ ਭਾਈ, .................... ਖਾ ਕੇ ਬਿਮਾਰ ਹੋ ਜਾਈਦਾ ਏ।

(ਹ) ਅੱਜ ਅਸੀਂ .................... ਨੂੰ ਖ਼ੁਸ਼ ਕਰ ਦੇਣਾ ਏ।

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਖ਼ੂਬਸੂਰਤ, ਭੁਲੇਖਾ, ਪਸੰਦ, ਹੌਸਲਾ, ਸ਼ਲਾਘਾ, ਸੁਗਾਤ, ਪੋਟਲ਼ੀ, ਨਮੂਨਾ

4. ਸਹੀ/ਗ਼ਲਤ ਦੀ ਚੋਣ ਕਰੋ :

(ੳ) ਗੀਤਾ ਦੇ ਘਰ ਦੀ ਹਾਲਤ ਬਹੁਤ ਚੰਗੀ ਸੀ।

(ਅ) ਗੀਤਾ ਦੇ ਪਰਿਵਾਰ ਕੋਲ਼ ਗਰਮੀਆਂ ਤੇ ਸਰਦੀਆਂ ਲਈ ਕਾਫ਼ੀ ਕੱਪੜੇ ਸਨ।

(ੲ) ਤਿੰਨ ਕੁੜੀਆਂ ਦੀਆਂ ਚੂੜੀਆਂ ਦੇ ਇੱਕ ਰੁਪਈਆ ਪੈਂਹਠ ਪੈਸੇ ਬਣ ਗਏ ਸਨ।

## ਵਿਆਕਰਨ :

ਉਹ ਸ਼ਬਦ ਜਿਸ ਤੋਂ ਕਿਸੇ ਕੰਮ ਦੇ ਹੋਣ ਜਾਂ ਕਰਨ ਅਤੇ ਉਸ ਕੰਮ ਦੇ ਹੋਣ ਦੇ ਸਮੇਂ ਦਾ ਪਤਾ ਲੱਗੇ, ਉਹ ਕਿਰਿਆ ਅਖਵਾਉਂਦੇ ਹਨ, ਜਿਵੇਂ ਗਿਆ, ਆਇਆ, ਜਾਵੇਗਾ, ਪੜ੍ਹਦਾ, ਖੇਡਦਾ ਆਦਿ।

**ਹੇਠਾਂ ਦਿੱਤੇ ਵਾਕਾਂ ਵਿੱਚ ਰੰਗੀਨ ਸ਼ਬਦ ਕਿਰਿਆ ਹਨ :**

- ਫਿਰ ਉਸ ਬੋਤਲ ਵਿੱਚ ਸਰ੍ਹੋਂ ਦਾ ਤੇਲ ਪਾ ਲਿਆ ਗਿਆ।
- ਸਰਦੀਆਂ ਵਿੱਚ ਉਹ ਗਰਮੀਆਂ ਨੂੰ ਉਡੀਕਦੇ ਕਿਉਂਜੋ ਉਦੋਂ ਗਰਮ ਕੱਪੜੇ ਨਹੀਂ ਪਾਉਣੇ ਪੈਣਗੇ।

- ਸਵੇਰੇ ਉਹ ਦੁੱਧ ਲੈ ਲੈਂਦੇ ਪਰ ਸਾਰਾ ਦਿਨ ਉਹ ਪੀਂਦਾ ਕੋਈ ਨਾ।
- ਗੀਤਾ ਨੂੰ ਆਪ ਚੂੜੀਆਂ ਚੜ੍ਹਾਉਣ ਦਾ ਹੌਸਲਾ ਨਾ ਪਿਆ।
- ਬੱਚੇ ਘਰ ਵਿੱਚ ਖੇਡ ਰਹੇ ਸਨ।
- ਜਿਵੇਂ ਸੂਰਜ ਉਹਨਾਂ ਨੂੰ ਖਿਡਾਉਣ ਲਈ ਹੀ ਚੜ੍ਹਿਆ ਹੋਵੇ।
- ਸਾਰਿਆਂ ਨੇ ਇੱਕੋ ਵਾਰ ਕਿਹਾ, "ਚੱਲੋ, ਬਜ਼ਾਰ ਚੱਲੀਏ।"

*****

## ਪਾਠ-12

# ਪਹਿਲ

ਜਾਨਵਰਾਂ ਦੇ ਹਸਪਤਾਲ, ਇੱਕ ਬੁੱਧੂ ਖੋਤਾ ਲਿਆਇਆ।
ਡਾਕਟਰ ਨੇ ਦੇਖ ਬਿਮਾਰੀ, ਨੁਸਖ਼ਾ ਲਿਖ ਪਕੜਾਇਆ।
ਕਹਿਣ ਲੱਗਾ, "ਇਹ ਚੀਜ਼ਾਂ ਪੀਹ ਕੇ, ਇੱਕ ਨਲ਼ਕੀ ਵਿੱਚ ਪਾਈਂ।
ਨਲ਼ਕੀ ਇਸ ਦੀ ਨਾਸ ਵਿੱਚ ਰੱਖ, ਫੂਕ ਜ਼ੋਰ ਦੀ ਲਾਈਂ।
ਇਹ ਨਸਵਾਰ ਨਾਸ ਦੀ ਰਾਹੀਂ ਜਦੋਂ ਮਗ਼ਜ਼ ਵਿੱਚ ਜਾਊ।
ਤੇਰੇ ਇਸ ਖੋਤੇ ਨੂੰ ਅਰਬੀ ਘੋੜੇ ਵਾਂਗ ਬਣਾਊ।'
ਕੁਝ ਚਿਰ ਮਗਰੋਂ ਖਊਂ-ਖਊਂ ਕਰਦਾ, ਬੁੱਧੂ ਮੁੜ ਕੇ ਆਇਆ।
ਬਿੱਜੂ ਵਾਂਗੂੰ ਬੁਰਾ ਓਸ ਨੇ, ਹੈ ਸੀ ਮੂੰਹ ਬਣਾਇਆ।
ਡਾਕਟਰ ਨੇ ਸੋਚਿਆ ਹੋਸੀ ਗਧੇ ਦੁਲੱਤੀ ਲਾਈ।
ਹਾਸਾ ਰੋਕ ਪੁੱਛਿਆ 'ਬੁੱਧੂ' ਇਹ ਕੀ ਸ਼ਕਲ ਬਣਾਈ?
ਕਹਿਣ ਲੱਗਾ, ਹਟਕੋਰੇ ਲੈ ਕੇ, ਮੈਂ ਚੀਜ਼ਾਂ ਸਭ ਲਈਆਂ।
ਪੀਸ-ਪੂਸ ਕੇ, ਛਾਣ-ਛੂਣ ਕੇ, ਜਦੋ ਟਿਚਨ ਹੋ ਗਈਆਂ।
ਨਲ਼ਕੀ ਵਿੱਚ ਪਾ, ਨਲ਼ਕੀ ਉਸ ਦੇ ਨਥਨੇ ਵਿੱਚ ਟਿਕਾਈ।
ਦੂਜੀ ਤਰਫ਼ੋਂ ਫੂਕ ਲਾਣ ਹਿਤ, ਮੈਂ ਨਲ਼ਕੀ ਮੂੰਹ ਪਾਈ।
ਮੇਰੀ ਫੂਕੋਂ ਪਹਿਲੇ ਹੀ 'ਚਾ, ਫੂਕ ਗਧੇ ਨੇ ਮਾਰੀ।
ਮੇਰੇ ਗਲ਼ ਦੇ ਅੰਦਰ ਧੱਸ ਗਈ, ਝੱਟ ਦਵਾਈ ਸਾਰੀ।
ਅੱਲਾ ਬਖ਼ਸ਼ੇ ਫੂਕ ਓਸ ਦੀ, ਵਾਂਗ ਹਨੇਰੀ ਆਈ।
ਨਲ਼ਕੀ ਭੀ ਲੰਘ ਜਾਣੀ ਸੀ, ਮੈਂ ਫੜ ਕੇ ਮਸਾਂ ਬਚਾਈ।
ਉਸ ਦੀ ਸੁਣ ਕੇ ਗੱਲ ਡਾਕਟਰ, ਹੱਸ-ਹੱਸ ਦੂਹਰਾ ਹੋਇਆ।
ਹੱਸਦੇ-ਰੋਂਦੇ ਦੇਖ ਦੋਹਾਂ ਨੂੰ, 'ਸੁਥਰਾ' ਭੀ ਮੁਸਕਾਇਆ।
'ਸੁਣ ਓ, ਬੁੱਧੂ! ਇਸ ਜੱਗ ਨੇ ਹੈ, 'ਪਹਿਲ' ਤਾਈਂ ਵਡਿਆਇਆ।
ਜਿਦ੍ਹੀ ਫੂਕ ਵੱਜ ਜਾਵੇ ਪਹਿਲਾਂ, ਜਿੱਤ ਓਸ ਦੀ ਕਹਿੰਦੇ।
ਤੇਰੇ ਜਿਹੇ ਸੁਸਤ ਪਿੱਛੇ-ਰਹਿਣੇ, ਰਊਂ-ਰਊਂ ਕਰਦੇ ਰਹਿੰਦੇ।

## ਪਾਠ-ਅਭਿਆਸ

1. ਦੱਸੋ :

(ੳ) ਡਾਕਟਰ ਨੇ ਬੁੱਧੂ ਨੂੰ ਕੀ ਨੁਸਖ਼ਾ ਦੱਸਿਆ?

(ਅ) ਬੁੱਧੂ ਖਊਂ-ਖਊਂ ਕਰਦਾ ਡਾਕਟਰ ਕੋਲ਼ ਕਿਉਂ ਵਾਪਸ ਆ ਗਿਆ?

(ੲ) ਡਾਕਟਰ ਹੱਸ-ਹੱਸ ਦੂਹਰਾ ਕਿਉਂ ਹੋਇਆ ?

(ਸ) ਹੇਠ ਲਿਖੀਆਂ ਸਤਰਾਂ ਦੇ ਅਰਥ ਆਪਣੇ ਸ਼ਬਦਾਂ ਵਿੱਚ ਲਿਖੋ :

"ਜਿਦ੍ਹੀ ਫੂਕ ਵੱਜ ਜਾਵੇ ਪਹਿਲਾਂ, ਜਿੱਤ ਓਸ ਦੀ ਕਹਿੰਦੇ।
ਤੇਰੇ ਜਿਹੇ ਸੁਸਤ ਪਿੱਛੇ-ਰਹਿਣੇ, ਰਊਂ-ਰਊਂ ਕਰਦੇ ਰਹਿੰਦੇ।"

2. ਮੁਹਾਵਰਿਆਂ ਦੇ ਅਰਥ :

| | | |
|---|---|---|
| ਹਟਕੋਰੇ ਲੈਣਾ | : | ਰੋਂਦੇ ਹੋਏ ਲੰਮਾ ਸਾਹ ਲੈਣਾ, ਹਉਕਾ ਲੈਣਾ |
| ਦੁਲੱਤੀ ਮਾਰਨਾ | : | ਕਿਸੇ ਜਾਨਵਰ ਵੱਲੋਂ ਦੋਵੇਂ ਲੱਤਾਂ ਇੱਕੋ ਵੇਲ਼ੇ ਜੋੜ ਕੇ ਮਾਰਨੀਆਂ, ਪਰ੍ਹਾਂ ਹਟਾਉਣਾ |
| ਹਨੇਰੀ ਵਾਂਗ ਆਉਣਾ | : | ਬਹੁਤ ਤੇਜ਼ੀ ਨਾਲ਼ ਆਉਣਾ |
| ਹੱਸ-ਹੱਸ ਦੂਹਰਾ ਹੋਣਾ | : | ਬਹੁਤ ਹੱਸਣਾ, ਹਾਸੇ ਨਾਲ਼ ਲੋਟ-ਪੋਟ ਹੋਣਾ |
| ਦੂਣਾ-ਚੌਣਾ ਹੋਣਾ | : | ਬਹੁਤ ਖ਼ੁਸ਼ ਹੋਣਾ |
| ਰਊਂ-ਰਊਂ ਕਰਨਾ | : | ਰੋਣ ਨੂੰ ਤਿਆਰ ਹੋਣਾ, ਰੋਣਹਾਕਾ ਹੋਣਾ |

3. ਇਸ ਤਰ੍ਹਾਂ ਦੀ ਹਾਸੇ ਵਾਲ਼ੀ ਕੋਈ ਹੋਰ ਕਵਿਤਾ ਜਾਂ ਕਹਾਣੀ ਆਪਣੀ ਸ਼੍ਰੇਣੀ ਵਿੱਚ ਸੁਣਾਓ।

## ਵਿਆਕਰਨ :

ਇਸ ਕਵਿਤਾ ਵਿੱਚੋਂ ਵਸਤੂਵਾਚਕ ਨਾਂਵ ਲੱਭ ਕੇ ਲਿਖੋ।

ਅਧਿਆਪਕ ਲਈ :

ਬੱਚਿਆਂ ਨੂੰ 'ਪਹਿਲ' ਕਵਿਤਾ ਯਾਦ ਕਰਨ ਲਈ ਕਿਹਾ ਜਾਵੇ ਅਤੇ ਸਵੇਰ ਦੀ ਸਭਾ 'ਚ ਬੋਲਣ ਲਈ ਪ੍ਰੇਰਿਤ ਕੀਤਾ ਜਾਵੇ।

*****

## ਪਾਠ-13

# ਭਗਤ ਕਬੀਰ ਜੀ



ਕਬੀਰ ਜੀ ਦਾ ਜਨਮ ਪੰਦ੍ਰਵੀਂ ਸਦੀ ਵਿੱਚ ਹੋਇਆ। ਆਪ ਦੇ ਮਾਤਾ-ਪਿਤਾ ਕੱਪੜਾ ਬੁਣਨ ਦਾ ਕੰਮ ਕਰਦੇ ਸਨ। ਇਹ ਉਹ ਸਮਾਂ ਸੀ ਜਦੋਂ ਜਾਤ-ਪਾਤ ਵਿੱਚ ਵਿਸ਼ਵਾਸ ਕੀਤਾ ਜਾਂਦਾ ਸੀ। ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਬੜੀ ਨਮੋਸ਼ੀ ਵਾਲ਼ਾ ਜੀਵਨ ਬਤੀਤ ਕਰਨਾ ਪੈਂਦਾ ਸੀ। ਇਹਨਾਂ ਨੂੰ ਪੜ੍ਹਾਈ-ਲਿਖਾਈ ਨਹੀਂ ਸੀ ਕਰਨ ਦਿੱਤੀ ਜਾਂਦੀ। ਨਾ ਹੀ ਕੋਈ ਇਹਨਾਂ ਨੂੰ ਸਿੱਖਿਆ ਦੇਣ ਲਈ ਤਿਆਰ ਸੀ। ਕਬੀਰ ਜੀ ਜਦੋਂ ਵੱਡੇ ਹੋਏ ਤਾਂ ਉਹਨਾਂ ਦੇ ਮਨ ਵਿੱਚ ਗਿਆਨ ਪ੍ਰਾਪਤ ਕਰਨ ਦੀ ਲਾਲਸਾ ਜਾਗੀ ਪਰ ਕੋਈ ਵਿਦਵਾਨ ਉਹਨਾਂ ਦਾ ਗੁਰੂ ਬਣਨ ਲਈ ਤਿਆਰ ਨਹੀਂ ਸੀ ਕਿਉਂਕਿ ਕਬੀਰ ਜੀ ਦੀ ਜਾਤ ਨੀਵੀਂ ਸਮਝੀ ਜਾਂਦੀ ਸੀ। ਉਹਨਾਂ ਦਿਨਾਂ ਵਿੱਚ ਕਾਸ਼ੀ ਵਿੱਚ ਪੰਡਤ ਰਾਮਾਨੰਦ ਜੀ ਬੜੇ ਵੱਡੇ ਵਿਦਵਾਨ ਸਨ। ਉਹ ਜਾਤ-ਪਾਤ ਨੂੰ ਖ਼ਤਮ ਕਰਨ ਦਾ ਪ੍ਰਚਾਰ ਵੀ ਕਰਦੇ ਸਨ। ਜਦੋਂ ਕਬੀਰ ਜੀ ਨੇ ਉਹਨਾਂ ਕੋਲ਼ੋਂ ਸਿੱਖਿਆ ਲੈਣੀ ਚਾਹੀ ਤਾਂ ਉਹ ਵੀ ਕਬੀਰ ਜੀ ਨੂੰ ਸਿੱਖਿਆ ਦੇਣ ਤੋਂ ਇਨਕਾਰ ਕਰ ਗਏ। ਅਖੀਰ ਕਬੀਰ ਜੀ ਨੇ ਸਿੱਖਿਆ ਪ੍ਰਾਪਤ ਕਰਨ ਦਾ ਹੋਰ ਅਨੋਖਾ ਰਾਹ ਲੱਭਿਆ।

ਕਬੀਰ ਜੀ ਨੂੰ ਪਤਾ ਸੀ ਕਿ ਰਾਮਾਨੰਦ ਜੀ ਰੋਜ਼ ਸਵੇਰੇ ਗੰਗਾ ਵਿੱਚ ਇਸ਼ਨਾਨ ਕਰਨ ਆਉਂਦੇ ਹਨ। ਇੱਕ ਦਿਨ ਉਹ ਸਵੇਰੇ ਮੂੰਹ-ਹਨੇਰੇ ਹੀ ਰਾਮਾਨੰਦ ਜੀ ਦੇ ਰਾਹ ਵਿੱਚ ਆ ਕੇ ਲੇਟ ਗਏ। ਰਾਮਾਨੰਦ ਜੀ ਜਦੋਂ ਉਸ ਥਾਂ ਪੁੱਜੇ ਤਾਂ ਉਹਨਾਂ ਨੇ ਕਬੀਰ ਜੀ ਨੂੰ ਬਿਨਾਂ ਪਛਾਣੇ ਹੀ ਕਿਹਾ, "ਉੱਠ ਭਾਈ! ਰਾਮ ਕਹੁ!" ਰਾਮਾਨੰਦ ਜੀ ਇਹ ਕਹਿ ਕੇ ਗੰਗਾ ਵੱਲ ਗਏ ਤੇ ਕਬੀਰ ਜੀ ਘਰ ਨੂੰ ਆ ਗਏ।

ਇਸ ਤੋਂ ਬਾਅਦ ਕਬੀਰ ਜੀ ਨੇ ਆਪਣੇ-ਆਪ ਨੂੰ ਰਾਮਾਨੰਦ ਜੀ ਦਾ ਸ਼ਗਿਰਦ ਕਹਿਣਾ ਸ਼ੁਰੂ ਕਰ ਦਿੱਤਾ। ਜਦੋਂ ਰਾਮਾਨੰਦ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਨੇ ਕਬੀਰ ਜੀ ਨੂੰ ਬੁਲਾਇਆ ਤੇ ਪੁੱਛਿਆ ਕਿ ਉਸ ਨੇ ਉਹਨਾਂ ਪਾਸੋਂ ਕਦੋਂ ਗਿਆਨ ਪ੍ਰਾਪਤ ਕੀਤਾ ਹੈ? ਕਬੀਰ ਜੀ ਨੇ ਉਸ ਦਿਨ ਰਾਹ ਵਿੱਚ ਲੇਟਣ ਵਾਲ਼ੀ ਘਟਨਾ ਸੁਣਾਈ। ਰਾਮਾਨੰਦ ਜੀ ਕਬੀਰ ਜੀ ਦੀ ਲਗਨ ਤੇ ਸ਼ਰਧਾ ਤੋਂ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੇ ਆਪ ਹੀ ਕਬੀਰ ਜੀ ਨੂੰ ਸਿੱਖਿਆ ਦੇਣੀ ਸ਼ੁਰੂ ਕਰ ਦਿੱਤੀ।

ਕਬੀਰ ਜੀ ਆਪ ਸਾਰੀ ਉਮਰ ਆਪਣੇ ਹੱਥੀਂ ਕਿਰਤ ਕਰਦੇ ਰਹੇ। ਆਪ ਨੇ ਹਮੇਸ਼ਾਂ ਹੀ ਨੇਕੀ ਕਰਨ ਵਿੱਚ ਭਰੋਸਾ ਰੱਖਣ ਦਾ ਉਪਦੇਸ਼ ਦਿੱਤਾ। ਕਬੀਰ ਜੀ ਨੇ ਲਿਖਿਆ ਹੈ :

ਹਾਥ ਪਾਉ ਕਰਿ ਕਾਮੁ ਸਭੁ
ਚੀਤੁ ਨਿਰੰਜਨ ਨਾਲਿ

ਅਰਥਾਤ ਹੱਥਾਂ-ਪੈਰਾਂ ਨਾਲ਼ ਕਿਰਨ ਕਰਨੀ ਚਾਹੀਦੀ ਹੈ। ਆਪਣਾ ਮਨ ਰੱਬ ਨਾਲ਼ ਜੋੜਨਾ ਚਾਹੀਦਾ ਹੈ। ਆਪ ਸਚਾਈ ਦੇ ਰਸਤੇ 'ਤੇ ਚੱਲਣ ਲਈ ਆਪਣੀ ਜਾਨ ਤੱਕ ਵਾਰ ਦੇਣ ਦਾ ਉਪਦੇਸ਼ ਦਿੰਦੇ ਸਨ। ਆਪ ਅਨੁਸਾਰ ਚੰਗੇ ਅਸੂਲਾਂ 'ਤੇ ਦ੍ਰਿੜ੍ਹ ਰਹਿਣ ਵਾਲ਼ਾ ਆਦਮੀ ਹੀ ਅਸਲੀ ਸੂਰਮਾ ਹੈ :

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ।
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ।
ਸੂਰਾ ਸੁ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟਿ ਮਰੇ ਕਬਹੂ ਨਾ ਛਾਡੇ ਖੇਤੁ।

ਉਦੋਂ ਕਾਂਸ਼ੀ ਵਿੱਚ ਇਹ ਪ੍ਰਚਾਰ ਆਮ ਸੀ ਕਿ ਜਿਸ ਦਾ ਦਿਹਾਂਤ ਕਾਂਸ਼ੀ ਵਿੱਚ ਹੋਵੇਗਾ, ਉਹ ਸੁਰਗ ਨੂੰ ਜਾਏਗਾ। ਕਾਂਸ਼ੀ ਦੇ ਨੇੜੇ ਇੱਕ ਮਗਹਰ ਨਾਂ ਦੇ ਥਾਂ 'ਤੇ ਮਰਨ ਵਾਲ਼ੇ ਨਰਕ ਨੂੰ ਜਾਣਗੇ। ਭਗਤ ਕਬੀਰ ਜੀ ਸਾਰੀ ਧਰਤੀ ਨੂੰ ਇੱਕੋ-ਜਿਹੀ ਸਮਝਦੇ ਸਨ। ਇਸ ਲਈ ਆਪ ਵਡੇਰੀ ਉਮਰ ਵਿੱਚ ਮਗਹਰ ਵਿਖੇ ਪੁੱਜ ਗਏ। ਆਪ ਦਾ ਦਿਹਾਂਤ ਇੱਥੇ ਹੀ ਹੋਇਆ।

ਇਹਨਾਂ ਦਿਨਾਂ ਵਿੱਚ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਕਬੀਰ ਜੀ ਨੂੰ ਪਿਆਰ ਕਰਦੇ ਸਨ। ਇੱਥੋਂ ਤੱਕ ਕਿ ਉਹਨਾਂ ਦੇ ਮਿਰਤਕ ਸਰੀਰ ਨੂੰ ਮੁਸਲਮਾਨ ਦਫ਼ਨਾਉਣਾ ਚਾਹੁੰਦੇ ਸਨ ਅਤੇ ਹਿੰਦੂ ਅਗਨੀ-ਭੇਟਾ ਕਰਨਾ ਚਾਹੁੰਦੇ ਸ਼ਨ।

ਪਰ ਭਗਤ ਕਬੀਰ ਜੀ ਤਾਂ ਜਾਤ-ਪਾਤ ਨੂੰ ਖ਼ਤਮ ਕਰ ਚੁੱਕੇ ਸਨ। ਇਸ ਲਈ ਲੋਕਾਂ ਨੂੰ ਉਹਨਾਂ ਦਾ ਇਹ ਉਪਦੇਸ਼ ਸੀ :

ਜਾਤ ਪਾਤ ਨਾ ਪੂਛੇ ਕੋਇ।
ਹਰ ਕੋ ਭਜੈ ਸੋ ਹਰ ਕਾ ਹੋਇ।

ਕਬੀਰ ਜੀ ਦਾ ਕਥਨ ਹੈ ਕਿ ਜਾਤ-ਪਾਤ ਨਾਲ ਕੋਈ ਮਨੁੱਖ ਉੱਚਾ ਜਾਂ ਨੀਵਾਂ ਨਹੀਂ ਹੈ। ਜੋ ਵਿਅਕਤੀ ਪਰਮਾਤਮਾ ਦਾ ਨਾਮ ਲੈਂਦਾ ਹੈ, ਉਹ ਸਭ ਤੋਂ ਉੱਪਰ ਹੈ।

ਭਗਤ ਕਬੀਰ ਜੀ ਦੀਆਂ ਦਿੱਤੀਆਂ ਸਿੱਖਿਆਵਾਂ ਮਨੁੱਖੀ ਜੀਵਨ ਦੀ ਰਹਿਨੁਮਾਈ ਕਰਦੀਆਂ ਹਨ।

## ਪਾਠ-ਅਭਿਆਸ

1. ਦੱਸੋ :

(ੳ) ਕਬੀਰ ਜੀ ਦੇ ਪੈਦਾ ਹੋਣ ਸਮੇਂ ਨੀਵੀਂਆਂ ਸਮਝੀਆਂ ਜਾਂਦੀਆਂ ਜਾਤਾਂ ਦਾ ਜੀਵਨ ਕਿਸ ਤਰ੍ਹਾਂ ਦਾ ਸੀ ?

(ਅ) ਗਿਆਨ ਪ੍ਰਾਪਤ ਕਰਨ ਲਈ ਕਬੀਰ ਜੀ ਨੇ ਆਪਣਾ ਗੁਰੂ ਕਿਸ ਨੂੰ ਬਣਾਇਆ ਤੇ ਕਿਉਂ ?

(ੲ) ਕਬੀਰ ਜੀ ਅਨੁਸਾਰ ਸੂਰਮਾ ਕੌਣ ਹੈ ?

(ਸ) ਇਸ ਪਾਠ ਅਨੁਸਾਰ ਭਗਤ ਕਬੀਰ ਜੀ ਨੇ ਕੀ ਸਿੱਖਿਆ ਦਿੱਤੀ ?

2. ਖ਼ਾਲੀ ਥਾਂਵਾਂ ਭਰੋ :

(ੳ) ਕਬੀਰ ਜੀ ਦੇ ਮਾਤਾ-ਪਿਤਾ .................... ਬੁਣਨ ਦਾ ਕੰਮ ਕਰਦੇ ਸਨ।

(ਅ) ਕਾਂਸ਼ੀ ਵਿਚ ਪੰਡਤ .................... ਬੜੇ ਵੱਡੇ ਵਿਦਵਾਨ ਸਨ।

(ੲ) "ਉੱਠ ਭਾਈ! .................... !"

(ਸ) ਰਾਮਾਨੰਦ ਜੀ ਕਬੀਰ ਜੀ ਦੀ .................. ਤੇ .................... ਤੋਂ ਬਾਹਰ ਪ੍ਰਭਾਵਿਤ ਹੋਏ।

(ਹ) ਕਬੀਰ ਜੀ ਨੇ ਹਮੇਸ਼ਾਂ ਹੀ .................... ਕਰਨੀ ਅਤੇ ਰੱਬ ਵਿੱਚ .................... ਰੱਖਣ ਦਾ ਉਪਦੇਸ਼ ਦਿੱਤਾ।

### 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਗਿਆਨ, ਸੂਰਮਾ, ਵਿਦਵਾਨ, ਸ਼ਗਿਰਦ, ਉਪਦੇਸ਼

### 4. ਔਖੇ ਸ਼ਬਦਾਂ ਦੇ ਅਰਥ :

ਨਮੋਸ਼ੀ : ਨਿਰਾਦਰੀ, ਬਦਨਾਮੀ, ਨਿੰਦਿਆ

ਲਾਲਸਾ : ਇੱਛਾ, ਚਾਹਤ, ਕਾਮਨਾ

ਅਨੋਖਾ : ਅਜੀਬ

ਲਗਨ : ਸ਼ੌਕ, ਰੁਚੀ, ਲਿਵ

ਸ਼ਰਧਾ : ਭਰੋਸਾ, ਵਿਸ਼ਵਾਸ, ਵੱਡੇ ਦੇ ਪ੍ਰਤਿ ਮਨ ਵਿਚ ਪੈਦਾ ਹੋਣ ਵਾਲ਼ਾ ਆਦਰ

ਕਿਰਤ : ਕੰਮ-ਕਾਜ, ਪੇਸ਼ਾ

ਦ੍ਰਿੜ : ਪੱਕਾ

ਰਹਿਨੁਮਾਈ : ਰਸਤਾ ਦਿਖਾਉਣਾ

## ਵਿਆਕਰਨ :

ਹੇਠ ਲਿਖੇ ਪੈਰੇ ਵਿੱਚੋਂ ਨਾਂਵ, ਪੜਨਾਂਵ, ਵਿਸ਼ੇਸ਼ਣ ਅਤੇ ਕਿਰਿਆ-ਸ਼ਬਦ ਚੁਣ ਕੇ ਵੱਖਰੇ-ਵੱਖਰੇ ਲਿਖੋ :

ਕਬੀਰ ਜੀ ਦਾ ਜਨਮ ਪੰਦ੍ਹਰਵੀਂ ਸਦੀ ਵਿੱਚ ਹੋਇਆ। ਆਪ ਦੇ ਮਾਤਾ-ਪਿਤਾ ਕੱਪੜਾ ਬੁਣਨ ਦਾ ਕੰਮ ਕਰਦੇ ਸਨ। ਇਹ ਉਹ ਸਮਾਂ ਸੀ ਜਦੋਂ ਜਾਤ-ਪਾਤ ਵਿੱਚ ਵਿਸ਼ਵਾਸ ਕੀਤਾ ਜਾਂਦਾ ਸੀ। ਨੀਵੀਂਆਂ ਜਾਤਾਂ ਦੇ ਲੋਕਾਂ ਨੂੰ ਬੜੀ ਨਮੋਸ਼ੀ ਵਾਲ਼ਾ ਜੀਵਨ ਬਤੀਤ ਕਰਨਾ ਪੈਂਦਾ ਸੀ। ਇਹਨਾਂ ਨੂੰ ਪੜ੍ਹਾਈ-ਲਿਖਾਈ ਨਹੀਂ ਸੀ ਕਰਨ ਦਿੱਤੀ ਜਾਂਦੀ। ਨਾ ਹੀ ਕੋਈ ਇਹਨਾਂ ਨੂੰ ਸਿੱਖਿਆ ਦੇਣ ਲਈ ਤਿਆਰ ਸੀ।

### 5. ਹੇਠ ਲਿਖੇ ਵਾਕਾਂ ਵਿੱਚ ਠੀਕ/ਗ਼ਲਤ ਦੀ ਚੋਣ ਕਰੋ :

(ੳ) ਕਬੀਰ ਜੀ ਦੇ ਮਾਤਾ-ਪਿਤਾ ਦੁਕਾਨਦਾਰ ਸਨ।

(ਅ) ਕਾਸ਼ੀ ਵਿੱਚ ਪੰਡਤ ਰਾਮਾਨੰਦ ਜੀ ਬੜੇ ਵੱਡੇ ਵਿਦਵਾਨ ਸਨ।

(ੲ) ਕਬੀਰ ਜੀ ਨੇ ਆਪਣੇ-ਆਪ ਨੂੰ ਰਾਮਾਨੰਦ ਜੀ ਦਾ ਸ਼ਗਿਰਦ ਕਹਿਣਾ ਸ਼ੁਰੂ ਕਰ ਦਿੱਤਾ।

ਆਪਣੇ ਸਕੂਲ ਦੀ ਲਾਇਬ੍ਰੇਰੀ ਵਿੱਚੋਂ ਭਗਤ ਕਬੀਰ ਜੀ ਬਾਰੇ ਕੋਈ ਪੁਸਤਕ ਲੈ ਕੇ ਪੜ੍ਹੋ।

*****

## ਪਾਠ-14

# ਆਲੋਕ ਸੁਖੀ, ਗੁਆਂਢੀ ਦੁਖੀ! ਨਾ ਬਈ ਨਾ!

ਇੱਕ ਦਿਨ ਆਲੋਕ ਨੂੰ ਹਲਕਾ ਜਿਹਾ ਬੁਖ਼ਾਰ ਚੜ੍ਹ ਗਿਆ। ਉਹਨੇ ਸਕੂਲੋਂ ਛੁੱਟੀ ਲੈ ਲਈ। ਉਹ ਜਿਸ ਦਿਨ ਵੀ ਛੁੱਟੀ ਲੈਂਦਾ ਸ਼ਾਮ ਨੂੰ ਇਕਬਾਲ ਕੋਲ਼ੋਂ ਜਾਂ ਅਗਲੇ ਦਿਨ ਕਿਸੇ ਜਮਾਤੀ ਕੋਲ਼ੋਂ ਸਕੂਲੋਂ ਮਿਲ਼ਿਆ ਕੰਮ ਪੁੱਛ ਲੈਂਦਾ। ਉਹ ਸਕੂਲੋਂ ਮਿਲ਼ਨ ਵਾਲ਼ਾ ਹਰੇਕ ਕੰਮ ਪੂਰਾ ਕਰਦਾ ਸੀ ਤਾਂ ਜੋ ਪੜ੍ਹਾਈ ਵਿੱਚ ਬਾਕੀ ਜਮਾਤ ਤੋਂ ਪਿੱਛੇ ਨਾ ਰਹਿ ਜਾਵੇ।

ਉਸ ਦਿਨ ਸ਼ਾਮ ਤੱਕ ਉਸ ਦਾ ਬੁਖ਼ਾਰ ਉੱਤਰ ਗਿਆ। ਉਹ ਸਕੂਲ ਦਾ ਕੰਮ ਪੁੱਛਣ ਵਾਸਤੇ ਇਕਬਾਲ ਦੇ ਘਰ ਵੱਲ ਤੁਰ ਪਿਆ। ਇਕਬਾਲ ਦਾ ਘਰ ਆਲੋਕ ਦੇ ਘਰ ਦੇ ਸਾਮ੍ਹਣੇ ਹੀ ਸੀ। ਕਾਹਲ਼ੀ ਵਿੱਚ ਆਲੋਕ ਆਪਣੇ ਕਮਰੇ ਦੀ ਬੱਤੀ ਬੁਝਾਉਣੀ ਭੁੱਲ ਗਿਆ।

ਰਾਤ ਦੇ ਅੱਠ ਵੱਜੇ ਸਨ। ਇਕਬਾਲ ਆਪਣੇ ਵਿਹੜੇ ਵਿੱਚ ਸੌਣ ਦੀ ਤਿਆਰੀ ਕਰ ਰਿਹਾ ਸੀ। ਦੋਵੇਂ ਜਣੇ ਮੰਜੇ ਉੱਤੇ ਬੈਠ ਕੇ ਸਕੂਲ ਦੀਆਂ ਗੱਲਾਂ ਕਰਨ ਲੱਗ ਪਏ।

"ਆਪਣੇ ਗੱਲਾਂ ਕਰਨ ਨਾਲ਼ ਦਾਦੀ ਜੀ ਦੀ ਨੀਂਦ ਖ਼ਰਾਬ ਤਾਂ ਨਹੀਂ ਹੁੰਦੀ?" ਆਲੋਕ ਨੇ ਕੋਲ਼ ਹੀ ਮੰਜੇ ਉੱਤੇ ਲੇਟੇ ਹੋਏ ਇਕਬਾਲ ਦੇ ਦਾਦੀ ਜੀ ਵੱਲ ਇਸ਼ਾਰਾ ਕਰਦਿਆਂ ਇਕਬਾਲ ਨੂੰ ਪੁੱਛਿਆ।

"ਨਹੀਂ, ਪੁੱਤਰ! ਤੁਸੀਂ ਕਰੋ ਗੱਲਾਂ-ਬਾਤਾਂ। ਮੈਨੂੰ ਤਾਂ ਅੱਧੀ ਰਾਤ ਤੱਕ ਉਂਞ ਹੀ ਨੀਂਦ ਨਹੀਂ ਆਉਂਦੀ।" ਇਕਬਾਲ ਦੇ ਦਾਦੀ ਜੀ ਨੇ ਪਾਸਾ ਪਰਤਦਿਆਂ ਕਿਹਾ।

ਉਹ ਫੇਰ ਗੱਲੀਂ ਲੱਗ ਗਏ। ਗੱਲਾਂ ਕਰਦਿਆ ਅਚਾਨਕ ਆਲੋਕ ਦੀ ਨਜ਼ਰ ਆਪਣੇ ਕਮਰੇ ਵੱਲ ਚਲੀ ਗਈ। ਆਲੋਕ ਦਾ ਕਮਰਾ ਘਰ ਦੀ ਦੂਜੀ ਮੰਜ਼ਲ ਉੱਤੇ ਸੀ ਅਤੇ ਇਕਬਾਲ ਦੇ ਵਿਹੜੇ ਵਿੱਚੋਂ ਚੰਗੀ ਤਰ੍ਹਾਂ ਨਜ਼ਰ ਆਉਂਦਾ ਸੀ।

"ਓ-ਹੋ! ਮੈਂ ਤਾਂ ਆਪਣੇ ਕਮਰੇ ਦੀ ਬੱਤੀ ਜਗਦੀ ਛੱਡ ਆਇਆ।" ਆਲੋਕ ਨੇ ਚਿੰਤਾ ਜਿਹੀ ਵਿੱਚ ਕਿਹਾ ਅਤੇ ਵਾਪਸ ਜਾਣ ਲਈ ਕਾਹਲ਼ਾ ਪੈ ਗਿਆ।

"ਫੇਰ ਕੀ ਹੋਇਆ? ਬੈਠ ਦੋ ਮਿੰਟ।" ਇਕਬਾਲ ਨੇ ਰੋਕਿਆ ਪਰ ਆਲੋਕ ਦਾ ਧਿਆਨ ਜਗਦੀ ਬੱਤੀ ਵੱਲ ਹੀ ਸੀ। ਉਹ ਹਮੇਸ਼ਾਂ ਇਸ ਗੱਲ ਦਾ ਖ਼ਿਆਲ ਰੱਖਦਾ ਸੀ ਕਿ ਕਿਧਰੇ ਕੋਈ ਫ਼ਜ਼ੂਲ-ਖ਼ਰਚੀ ਨਾ ਹੋਵੇ। ਉਹਨੇ ਜਦੋਂ ਵੀ ਕਮਰੇ ਵਿੱਚੋਂ ਜਾਣਾ ਹੋਵੇ ਤਾਂ ਬੱਤੀ ਬੁਝਾ ਦਿੰਦਾ ਹੈ ਤੇ ਪੱਖਾ ਬੰਦ ਕਰ ਦਿੰਦਾ ਹੈ।

ਤੇ ਹੁਣ ਆਲੋਕ ਦੇ ਕਮਰੇ ਦੀ ਬੱਤੀ ਬੇਲੋੜੀ ਜਗ ਰਹੀ ਸੀ। ਇਸ ਗੱਲ ਦਾ ਉਹਨੂੰ ਪਛਤਾਵਾ ਸੀ ਪਰ ਇਸ ਨਾਲ਼ੋਂ ਵੀ ਵਧੇਰੇ ਇੱਕ ਗੱਲ ਜਿਹੜੀ ਉਸ ਨੂੰ ਪਰੇਸ਼ਾਨ ਕਰ ਰਹੀ ਸੀ, ਉਹ ਇਹ ਸੀ ਕਿ ਉਹਦੇ ਕਮਰੇ ਦੀ ਰੋਸ਼ਨੀ ਇਕਬਾਲ ਦੀਆਂ ਅੱਖਾਂ ਵਿੱਚ ਪੈ ਰਹੀ ਸੀ। ਇਕਬਾਲ ਦਾ ਮੰਜਾ ਬੱਤੀ ਦੇ ਸਾਮ੍ਹਣੇ ਸੀ। ਉਹਦੇ ਦਾਦੀ ਜੀ ਦਾ ਮੰਜਾ ਵੀ ਨਾਲ਼ ਹੀ ਸੀ। ਆਲੋਕ ਨੇ ਇਕਬਾਲ ਨੂੰ ਪੁੱਛਿਆ, "ਕਿਤੇ ਮੇਰੇ ਕਮਰੇ ਦੀ ਰੋਸ਼ਨੀ ਤੇਰੀ ਨੀਂਦ ਖ਼ਰਾਬ ਤਾਂ ਨਹੀਂ ਕਰਦੀ?"

ਇਕਬਾਲ ਨੇ ਦੱਸਿਆ, "ਮੈਂ ਤਾਂ ਔਖਾ-ਸੌਖਾ ਸੋ ਜਾਂਦਾ ਹਾਂ। ਦਾਦੀ ਜੀ ਨੂੰ ਪਰੇਸ਼ਾਨੀ ਹੁੰਦੀ ਹੈ। ਜਿੰਨਾ ਚਿਰ ਤੂੰ ਬੱਤੀ ਜਗਾਈ ਰੱਖਦਾ ਹੈਂ, ਦਾਦੀ ਜੀ ਉੱਸਲ਼ਵੱਟੇ ਲੈਂਦੇ ਰਹਿੰਦੇ ਹਨ। ਤੈਨੂੰ ਏਸ ਕਰਕੇ ਨਹੀਂ ਆਖਿਆ ਕਿ ਤੈਨੂੰ ਰਾਤ ਨੂੰ ਪੜ੍ਹਨ ਦੀ ਆਦਤ ਹੈ।"

ਆਲੋਕ ਨੇ ਇਕਬਾਲ ਨੂੰ ਗੁੱਸੇ ਨਾਲ਼ ਆਖਿਆ, "ਤੂੰ ਮੈਨੂੰ ਪਹਿਲਾਂ ਕਿਉਂ ਨਹੀਂ ਦੱਸਿਆ?"

ਫੇਰ ਉਹਨੇ ਦਾਦੀ ਜੀ ਤੋਂ ਮਾਫ਼ੀ ਮੰਗਦਿਆਂ ਕਿਹਾ, "ਦਾਦੀ ਜੀ! ਇਕਬਾਰ ਮੈਨੂੰ ਪਹਿਲਾਂ ਦੱਸ ਦਿੰਦਾ ਤਾਂ ਤੁਹਾਨੂੰ ਏਨੇ ਦਿਨ ਤਕਲੀਫ਼ ਨਾ ਹੁੰਦੀ।"

"ਨਹੀਂ, ਪੁੱਤਰ! ਮੈਨੂੰ ਤਾਂ ਉਂਞ ਵੀ ਨੀਂਦ ਨਹੀਂ ਆਉਂਦੀ। ਨਾਲ਼ੇ ਬੱਤੀ ਬੰਦ ਕਰਵਾ ਕੇ ਤੇਰੀ ਪੜ੍ਹਾਈ ਦਾ ਨੁਕਸਾਨ ਤਾਂ ਨਹੀਂ ਨਾ ਕਰਨਾ।"

"ਨੁਕਸਾਨ ਕਾਹਦਾ ਦਾਦੀ ਜੀ? ਮੈਂ ਕੋਈ ਹੋਰ ਪ੍ਰਬੰਧ ਕਰ ਲੈਣਾ ਸੀ।"

ਤੇ ਆਲੋਕ ਨੇ ਛੇਤੀ-ਛੇਤੀ ਆਪਣੀ ਗੱਲ ਮੁਕਾਈ। ਇਕਬਾਲ ਤੋਂ ਸਕੂਲ ਦਾ ਕੰਮ ਪੁੱਛਿਆ ਅਤੇ ਆਪਣੇ ਕਮਰੇ ਵਿੱਚ ਆ ਗਿਆ। ਆਉਂਦਿਆਂ ਹੀ ਉਹਨੇ ਉਹ ਖਿੜਕੀ ਬੰਦ ਕਰ ਦਿੱਤੀ, ਜਿਸ ਵਿੱਚੋਂ ਦੀ ਰੋਸ਼ਨੀ ਇਕਬਾਲ ਦੇ ਵਿਹੜੇ ਵਿੱਚ ਜਾਂਦੀ ਸੀ ਅਤੇ ਅੱਖਾਂ ਵਿੱਚ ਪੈ ਕੇ ਨੀਂਦ ਖ਼ਰਾਬ ਕਰਦੀ ਸੀ। ਅਗਲੇ ਦਿਨ ਉਹਨੇ ਖਿੜਕੀ ਮੂਹਰੇ ਇੱਕ ਪਰਦਾ ਤਾਣ ਦਿੱਤਾ। ਹੁਣ ਜੇ ਖਿੜਕੀ ਖੁੱਲ੍ਹੀ ਵੀ ਰਹੇ ਤਾਂ ਬੱਤੀ ਜਗਣ ਨਾਲ਼ ਕਿਸੇ ਦੀ ਨੀਂਦ ਖ਼ਰਾਬ ਨਹੀਂ ਸੀ ਹੁੰਦੀ।

## ਪਾਠ-ਅਭਿਆਸ

1. ਦੱਸੋ :

(ੳ) ਆਲੋਕ, ਇਕਬਾਲ ਦੇ ਘਰ ਕਿਉਂ ਗਿਆ ਸੀ?

(ਅ) ਆਲੋਕ ਨੂੰ ਬਿਲਕੁਲ ਕੋਲ਼ ਬੈਠਿਆ ਕਿਸ ਗੱਲ ਦੀ ਚਿੰਤਾ ਹੋ ਰਹੀ ਸੀ?

(ੲ) ਆਲੋਕ ਫ਼ਜ਼ੂਲ-ਖ਼ਰਚੀ ਦੇ ਨਾਲ਼-ਨਾਲ਼ ਹੋਰ ਕਿਹੜੀਆਂ ਗੱਲਾਂ ਦਾ ਧਿਆਨ ਰੱਖਦਾ ਸੀ?

(ਸ) ਆਲੋਕ ਦੇ ਕਮਰੇ ਵਿੱਚ ਜਗਦੀ ਬੱਤੀ ਕਾਰਨ ਕਿਸ-ਕਿਸ ਨੂੰ ਪਰੇਸ਼ਾਨੀ ਹੁੰਦੀ ਸੀ?

(ਹ) ਆਲੋਕ ਨੇ ਆਪਣੇ ਗੁਆਂਢੀਆਂ ਦੀ ਪਰੇਸ਼ਾਨੀ ਦਾ ਕੀ ਹੱਲ ਲੱਭਿਆ?

(ਕ) ਇਸ ਪਾਠ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਇਸ਼ਾਰਾ, ਮੰਜ਼ਲ, ਰੋਸ਼ਨੀ, ਪਰੇਸ਼ਾਨ, ਨੁਕਸਾਨ, ਪ੍ਰਬੰਧ

3. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ :

(ੳ) "ਆਪਣੇ ਗੱਲਾਂ ਕਰਨ ਨਾਲ਼ ਦਾਦੀ ਜੀ ਦੀ ਨੀਂਦ ਖ਼ਰਾਬ ਤਾਂ ਨਹੀਂ ਹੁੰਦੀ?"

(ਅ) 'ਓ-ਹੋ! ਮੈਂ ਤਾਂ ਆਪਣੇ ਕਮਰੇ ਦੀ ਬੱਤੀ ਜਗਦੀ ਛੱਡ ਆਇਆ।"

(ੲ) "ਨੁਕਸਾਨ ਕਾਹਦਾ ਦਾਦੀ ਜੀ! ਮੈਂ ਕੋਈ ਹੋਰ ਪ੍ਰਬੰਧ ਕਰ ਲੈਣਾ ਸੀ।"

## ਵਿਆਕਰਨ :

ਇੱਕ ਦਿਨ ਆਲੋਕ ਨੂੰ ਹਲਕਾ ਜਿਹਾ ਬੁਖ਼ਾਰ ਚੜ੍ਹ ਗਿਆ। ਉਹਨੇ ਸਕੂਲੋਂ ਛੁੱਟੀ ਲੈ ਲਈ। ਉਹ ਜਿਸ ਦਿਨ ਵੀ ਛੁੱਟੀ ਲੈਂਦਾ ਸ਼ਾਮ ਨੂੰ ਇਕਬਾਲ ਕੋਲ਼ੋਂ ਜਾਂ ਅਗਲੇ ਦਿਨ ਕਿਸੇ ਜਮਾਤੀ ਕੋਲ਼ੋਂ ਸਕੂਲੋਂ ਮਿਲ਼ਿਆ ਕੰਮ ਪੁੱਛ ਲੈਂਦਾ। ਉਹ ਸਕੂਲੋਂ ਮਿਲ਼ਨ ਵਾਲ਼ਾ ਹਰੇਕ ਕੰਮ ਪੂਰਾ ਕਰਦਾ ਸੀ ਤਾਂ ਜੋ ਪੜ੍ਹਾਈ ਵਿੱਚ ਬਾਕੀ ਜਮਾਤ ਤੋਂ ਪਿੱਛੇ ਨਾ ਰਹਿ ਜਾਵੇ। ਉਸ ਦਿਨ ਸ਼ਾਮ ਤੱਕ ਉਸ ਦਾ ਬੁਖ਼ਾਰ ਉੱਤਰ ਗਿਆ। ਉਹ ਸਕੂਲ ਦਾ ਕੰਮ ਪੁੱਛਣ ਵਾਸਤੇ ਇਕਬਾਲ ਦੇ ਘਰ ਵੱਲ ਤੁਰ ਪਿਆ।

– ਉੱਪਰ ਦਿੱਤੇ ਪੈਰੇ ਵਿੱਚੋਂ ਕਿਰਿਆ-ਸ਼ਬਦ ਚੁਣੋ ਅਤੇ ਆਪਣੀ ਕਾਪੀ ਵਿੱਚ ਲਿਖੋ।

*****

## ਪਾਠ-15

# ਤਿੰਨ ਇਨਕਲਾਬੀ

### ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ



ਅੰਗਰੇਜ਼ੀ ਹਕੂਮਤ ਦੇ ਜ਼ੁਲਮ ਵਿਰੁੱਧ ਜੱਦੋ-ਜਹਿਦ ਕਰਨ ਕਰਕੇ ਸ. ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੇ ਇਕੱਠਿਆਂ ਹੀ ਫਾਂਸੀ ਦਾ ਰੱਸਾ ਚੁੰਮਿਆ ਅਤੇ ਤਿੰਨਾਂ ਨੇ ਕੌਮੀ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਕੀਤਾ।

ਸ. ਭਗਤ ਸਿੰਘ ਤੇ ਸੁਖਦੇਵ ਦਾ ਜਨਮ ਇੱਕੋ ਸੰਨ 1907 ਈਸਵੀ ਵਿੱਚ ਹੋਇਆ। ਇਹ ਦੋਵੇਂ ਇਨਕਲਾਬੀ ਦੋਸਤ ਹਾਣੀ ਸਨ। ਰਾਜਗੁਰੂ ਦਾ ਜਨਮ 1908 ਈ. ਦਾ ਹੋਣ ਕਰਕੇ ਉਹ ਦੋਂਹਾਂ ਇਨਕਲਾਬੀ ਦੋਸਤਾਂ ਨਾਲ਼ੋਂ ਉਮਰ ਵਿੱਚ ਇੱਕ ਸਾਲ ਛੋਟਾ ਸੀ।

ਸ. ਭਗਤ ਸਿੰਘ ਦਾ ਜਨਮ ਮਾਤਾ ਵਿੱਦਿਆਵਤੀ ਤੇ ਪਿਤਾ ਸ. ਕਿਸ਼ਨ ਸਿੰਘ ਦੇ ਘਰ ਚੱਕ ਨੰਬਰ 105, ਜ਼ਿਲਾ ਲਾਇਲਪੁਰ (ਹੁਣ ਪਾਕਿਸਤਾਨ) ਵਿੱਚ ਹੋਇਆ। ਸੁਖਦੇਵ ਦਾ ਜਨਮ ਮਾਤਾ ਰਲ਼ੀ ਦੇਵੀ ਤੇ ਪਿਤਾ ਲਾਲਾ ਰਾਮ ਲਾਲ ਥਾਪਰ ਦੇ ਘਰ ਲੁਧਿਆਣੇ ਵਿੱਚ ਹੋਇਆ। ਰਾਜਗੁਰੂ ਦਾ ਜਨਮ ਮਾਤਾ ਪਾਰਵਤੀ ਬਾਈ, ਪਿਤਾ ਸ੍ਰੀ ਹਰੀ ਨਰਾਇਣ ਰਾਜਗੁਰੂ ਦੇ ਘਰ ਪਿੰਡ ਖੇੜ, ਜ਼ਿਲਾ ਪੂਨਾ (ਮਹਾਂਰਾਸ਼ਟਰ) ਵਿੱਚ ਹੋਇਆ। ਰਾਜਗੁਰੂ ਦਾ ਪੂਰਾ ਨਾਂ ਸ਼ਿਵ ਰਾਮ ਹਰੀ ਰਾਜਗੁਰੂ ਸੀ।

ਸੁਖਦੇਵ ਦੇ ਪਿਤਾ ਲਾਲਾ ਰਾਮ ਲਾਲ ਥਾਪਰ ਲਾਇਲਪੁਰ ਵਿੱਚ ਆੜ੍ਹਤ ਦੀ ਦੁਕਾਨ ਕਰਦੇ ਸਨ। ਸੁਖਦੇਵ ਅਜੇ ਤਿੰਨ ਕੁ ਸਾਲ ਦਾ ਸੀ ਕਿ ਉਸ ਦੇ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਉਸ ਦਾ ਪਾਲਣ-ਪੋਸ਼ਣ ਉਸ ਦੇ ਤਾਇਆ ਲਾਲਾ ਚਿੰਤ ਰਾਮ ਜੀ ਨੇ ਕੀਤਾ।

ਇਹਨਾਂ ਦਿਨਾਂ ਵਿੱਚ ਹੀ ਸ. ਭਗਤ ਸਿੰਘ ਦੇ ਚਾਚਾ ਜੀ ਸ. ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਨੇ 'ਪਗੜੀ ਸੰਭਾਲ਼' ਲਹਿਰ ਚਲਾਈ। ਇਸ ਲਹਿਰ ਦਾ ਮਨੋਰਥ ਅੰਗਰੇਜ਼ੀ ਸਰਕਾਰ ਦੀਆਂ ਗ਼ਲਤ ਨੀਤੀਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨਾ ਸੀ। ਇਸ ਲਹਿਰ ਦਾ ਮੁੱਖ ਟਿਕਾਣਾ ਲਾਲਾ ਚਿੰਤ ਰਾਮ ਦੀ ਦੁਕਾਨ ਸੀ। ਸ. ਭਗਤ ਸਿੰਘ ਆਪਣੇ ਦਾਦਾ ਜੀ ਸ. ਅਰਜਨ ਸਿੰਘ ਨਾਲ਼ ਇਸ ਦੁਕਾਨ 'ਤੇ ਅਕਸਰ ਜਾਇਆ ਕਰਦਾ ਸੀ। ਵੱਡਿਆਂ ਦੀ ਸਾਂਝ ਸਦਕਾ ਸ. ਭਗਤ ਸਿੰਘ ਤੇ ਸੁਖਦੇਵ ਦੀ ਬਚਪਨ ਤੋਂ ਹੀ ਦੋਸਤੀ ਹੋ ਗਈ। ਇਹਨਾਂ ਦੋਂਹਾਂ ਦੋਸਤਾਂ ਦੇ ਵਡੇਰੇ ਅਕਸਰ ਅੰਗਰੇਜ਼ੀ ਜ਼ੁਲਮ ਦਾ ਟਾਕਰਾ ਕਰਨ ਦੇ ਢੰਗਾਂ ਬਾਰੇ ਵਿਚਾਰ-ਵਟਾਂਦਰਾ ਕਰਿਆ ਕਰਦੇ ਸਨ ਜਿਸ ਕਰਕੇ ਇਹਨਾਂ ਨੰਨ੍ਹੇ ਦਿਲਾਂ 'ਚ ਵੀ ਅੰਗਰੇਜ਼ਾਂ ਦੇ ਜ਼ੁਲਮ ਵਿਰੁੱਧ ਜੂਝਣ ਦੇ ਬੀਜ ਪੁੰਗਰਨ ਲੱਗ ਪਏ।

ਜਵਾਨੀ ਵਿੱਚ ਪੈਰ ਧਰਦਿਆਂ ਹੀ ਸ. ਭਗਤ ਸਿੰਘ ਤੇ ਸੁਖਦੇਵ ਨੇ ਅਜ਼ਾਦੀ ਦੇ ਕ੍ਰਾਂਤੀਕਾਰੀਆਂ ਨਾਲ਼ ਸੰਬੰਧ ਬਣਾਉਣੇ ਸ਼ੁਰੂ ਕਰ ਦਿੱਤੇ। ਫਿਰ ਉਹ ਇਨਕਲਾਬੀ ਪਾਰਟੀ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਐੱਚ, ਐੱਸ. ਆਰ.ਏ.' ਲਈ ਕੰਮ ਕਰਨ ਲੱਗ ਪਏ। ਉੱਧਰ ਰਾਜਗੁਰੂ ਵੀ ਇਸ ਪਾਰਟੀ ਦੇ ਕੰਮ ਵਿੱਚ ਉਹਨਾਂ ਨਾਲ਼ ਆ ਸ਼ਾਮਲ ਹੋਇਆ। ਇਹਨਾਂ ਤਿੰਨਾਂ ਦੋਸਤਾਂ ਵਿੱਚ ਦੇਸ-ਭਗਤੀ, ਦੇਸ ਲਈ ਮਰ-ਮਿਟਣ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਸੀ।



ਉਹਨਾਂ ਦਿਨਾਂ ਵਿੱਚ ਜਦੋਂ ਲਾਲਾ ਲਾਜਪਤ ਰਾਏ ਲਾਹੌਰ ਵਿਖੇ "ਸਾਈਮਨ ਕਮਿਸ਼ਨ-ਗੋ ਬੈਕ" ਜਲੂਸ ਦੀ ਅਗਵਾਈ ਕਰ ਰਹੇ ਸਨ, ਐੱਸ.ਐੱਸ.ਪੀ. ਸਕਾਟ ਦੇ ਹੁਕਮ 'ਤੇ ਜਲੂਸ ਉੱਪਰ ਲਾਠੀਚਾਰਜ ਕੀਤਾ ਗਿਆ ਤੇ ਇੱਕ ਲਾਠੀ ਲਾਲਾ ਜੀ ਦੇ ਸਿਰ 'ਤੇ ਵੀ ਵੱਜੀ ਜੋਕਿ ਲਾਲਾ ਜੀ ਦੀ ਮੌਤ ਦਾ ਕਾਰਨ ਬਣੀ।

ਤਿੰਨਾਂ ਦੋਸਤਾਂ ਨੇ ਲਾਲਾ ਲਾਜਪਤ ਰਾਏ ਦੀ ਮੌਤ ਦੇ ਮੁੱਖ ਦੋਸ਼ੀ ਐੱਸ.ਐੱਸ.ਪੀ. ਸਕਾਟ ਤੋਂ ਬਦਲਾ ਲੈਣ ਦਾ ਫ਼ੈਸਲਾ ਕੀਤਾ। ਬਦਲਾ ਲੈਣ ਲਈ ਸ. ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ ਤੇ ਜੈ ਗੋਪਾਲ ਸਕਾਟ ਦੇ ਦਫ਼ਤਰ ਕੋਲ਼ ਪਹੁੰਚ ਗਏ ਪਰ ਜਦੋਂ ਮਿਸਟਰ ਸਕਾਟ ਦੀ ਥਾਂ 'ਤੇ ਡੀ.ਐੱਸ.ਪੀ. ਸਾਂਡਰਸ ਮੋਟਰ-ਸਾਈਕਲ ਉੱਤੇ ਬਾਹਰ ਨਿਕਲ਼ਿਆ ਤਾਂ ਰਾਜਗੁਰੂ ਤੇ ਸ. ਭਗਤ ਸਿੰਘ ਨੇ ਉਸ ਨੂੰ ਹੀ ਗੋਲ਼ੀਆਂ ਦਾ ਨਿਸ਼ਾਨਾ ਬਣਾ ਦਿੱਤਾ ਕਿਉਂਕਿ ਉਹ ਵੀ ਲਾਠੀਚਾਰਜ ਕਰਵਾਉਣ ਦਾ ਦੋਸ਼ੀ ਸੀ।

ਇਸ ਕਤਲ ਪਿੱਛੇ ਉਹਨਾਂ ਦਾ ਮਕਸਦ ਸਿਰਫ਼ ਖ਼ੂਨ ਦਾ ਬਦਲਾ ਖ਼ੂਨ ਹੀ ਨਹੀਂ ਸੀ ਸਗੋਂ ਜਨਤਾ ਦੇ ਡਿਗ ਰਹੇ ਮਨੋਬਲ ਨੂੰ ਉੱਚਾ ਚੁੱਕਣਾ ਸੀ ਤਾਂਜੋ ਉਹ ਜ਼ੁਲਮ ਖ਼ਿਲਾਫ਼ ਆਪਣੀ ਅਵਾਜ਼ ਉੱਚੀ ਚੁੱਕ ਸਕਣ ਤੇ ਨਾਲ਼ ਹੀ ਉਹ ਅੰਗਰੇਜ਼ਾਂ ਨੂੰ ਇਹ ਵੀ ਦੱਸਣਾ ਚਾਹੁੰਦੇ ਸਨ ਕਿ ਹਿੰਦੁਸਤਾਨ ਦੇ ਨੌਜਵਾਨ ਹੁਣ ਚੁੱਪ ਕਰਕੇ ਜ਼ੁਲਮ ਨਹੀਂ ਸਹਿਣਗੇ ਤੇ ਨਾ ਹੀ ਉਹ ਸੁੱਤੇ ਰਹਿਣਗੇ।

'ਲਾਹੌਰ ਸਾਜ਼ਸ਼ ਕੇਸ' ਅਨੁਸਾਰ ਸ. ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਇਸ ਖ਼ਬਰ ਨਾਲ਼ ਸਾਰੇ ਦੇਸ ਵਿੱਚ ਹਾਹਾਕਾਰ ਮੱਚ ਗਈ। ਇਹਨਾਂ ਸੂਰਬੀਰਾਂ ਨੂੰ ਇਸ ਸਜ਼ਾ ਵਿਰੁੱਧ ਅਪੀਲ ਕਰਨ ਲਈ ਕਿਹਾ ਗਿਆ ਪਰ ਉਹਨਾਂ ਦਾ ਜਵਾਬ ਸੀ ਕਿ ਸਾਡੀ ਜਾਨ ਏਨੀ ਕੀਮਤੀ ਨਹੀਂ ਕਿ ਜਿਸ ਨੂੰ ਅਸੂਲਾਂ ਦੀ ਕੁਰਬਾਨੀ ਦੇ ਕੇ ਬਚਾਇਆ ਜਾਵੇ। ਇਹਨਾਂ ਮਹਾਨ ਯੋਧਿਆਂ ਨੇ ਉਸ ਸਮੇਂ ਦੇ ਗਵਰਨਰ ਨੂੰ ਲਿਖਿਆ ਕਿ ਉਹਨਾਂ ਨੂੰ ਜੰਗੀ-ਕੈਦੀ ਮੰਨਦਿਆਂ ਫਾਂਸੀ ਨਾ ਦਿੱਤੀ ਜਵੇ ਸਗੋਂ ਗੋਲ਼ੀਆਂ ਨਾਲ਼ ਉਡਾਇਆ ਜਾਵੇ।



ਅੰਗਰੇਜ਼ੀ ਹਕੂਮਤ ਨੇ ਆਪਣੇ ਕਨੂੰਨ ਨੂੰ ਛਿੱਕੇ ਟੰਗ ਕੇ ਫਾਂਸੀ ਦੀ ਮਿਥੀ ਤਾਰੀਖ਼ ਤੋਂ ਇੱਕ ਰਾਤ ਪਹਿਲਾਂ ਹੀ 23 ਮਾਰਚ, 1931 ਈਸਵੀ ਨੂੰ ਹੀ ਫਾਂਸੀ ਦੇਣ ਦਾ ਮਨਸੂਬਾ ਬਣਾ ਲਿਆ। ਇਹ ਤਿੰਨ ਮਹਾਨ ਸੂਰਬੀਰ ਦੋਸਤ 'ਇਨਕਲਾਬ-ਜ਼ਿੰਦਾਬਾਦ, ਸਾਮਰਾਜ-ਮੁਰਦਾਬਾਦ' ਦੇ ਨਾਹਰੇ ਲਾਉਂਦੇ ਹੋਈ ਖ਼ੁਸ਼ੀ-ਖ਼ੁਸ਼ੀ ਫਾਂਸੀ ਦੇ ਰੱਸਿਆਂ ਨੂੰ ਚੁੰਮ ਕੇ ਸ਼ਹੀਦੀ ਪ੍ਰਾਪਤ ਕਰ ਗਏ। ਫਾਂਸੀ ਤੋਂ ਕੁਝ ਦਿਨ ਪਹਿਲਾਂ ਸ. ਭਗਤ ਸਿੰਘ ਨੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਸੀ ਕਿ "ਜਦੋਂ ਹਿੰਦੁਸਤਾਨੀ ਲੁੱਟ-ਖਸੁੱਟ, ਬੇਇਨਸਾਫ਼ੀ, ਜਾਤ-ਪਾਤ, ਨਾਬਰਾਬਰੀ, ਅੰਧ-ਵਿਸ਼ਵਾਸ ਤੇ ਹੋਰ ਸਮਾਜਿਕ ਬੁਰਾਈਆਂ ਤੋਂ ਮੁਕਤ ਹੋ ਕੇ ਆਜ਼ਾਦੀ ਦਾ ਅਨੰਦ ਮਾਣਨ ਲੱਗ ਪੈਣਗੇ ਤਾਂ ਅਸੀਂ ਸਮਝਾਂਗੇ ਕਿ ਸਾਡੀ ਛੋਟੀ ਜਿਹੀ ਜ਼ਿੰਦਗੀ ਦਾ ਮੁੱਲ ਪੈ ਗਿਆ ਤੇ ਸਾਡੇ ਸੁਪਨੇ ਸਾਕਾਰ ਹੋ ਗਏ।" ਇਸ ਤਰ੍ਹਾਂ ਇਹ ਤਿੰਨੋ ਸੂਰਬੀਰ ਛੋਟੀਆਂ ਉਮਰਾਂ ਵਿੱਚ ਵੱਡਾ ਕੰਮ ਕਰ ਗਏ। ਸਾਨੂੰ ਸਾਰਿਆਂ ਨੂੰ ਉਹਨਾਂ ਦੀਆਂ ਕੁਰਬਾਨੀਆਂ ਅੱਗੇ ਸਿਰ ਝੁਕਾਉਣਾ ਚਾਹੀਦਾ ਹੈ।

## ਪਾਠ-ਅਭਿਆਸ

1. ਦੱਸੋ :

(ੳ) ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਜਨਮ ਕਦੋਂ ਤੇ ਕਿੱਥੇ ਹੋਇਆ? ਇਹਨਾਂ ਦੇ ਮਾਤਾ-ਪਿਤਾ ਦਾ ਕੀ ਨਾਂ ਸੀ?

(ਅ) ਭਗਤ ਸਿੰਘ ਤੇ ਸੁਖਦੇਵ ਬਚਪਨ ਵਿੱਚ ਹੀ ਕਿਵੇਂ ਦੋਸਤ ਬਣ ਗਏ ਸਨ?

(ੲ) ਤਿੰਨਾਂ ਇਨਕਲਾਬੀ ਸ਼ਹੀਦਾਂ ਨੇ ਪਹਿਲਾਂ ਕਿਸ ਅੰਗਰੇਜ਼ ਅਫ਼ਸਰ ਨੂੰ ਕਿਉਂ ਮਾਰਿਆ ਸੀ?

(ਸ) ਤਿੰਨਾਂ ਇਨਕਲਾਬੀਆਂ ਨੇ ਆਜ਼ਾਦੀ ਦੀ ਲੜਾਈ ਲੜਨ ਲਈ ਕਿਹੜੀ ਸੰਸਥਾ ਬਣਾਈ ਸੀ?

(ਹ) ਇਹ ਇਨਕਲਾਬੀ ਯੋਧੇ ਆਪਣੇ-ਆਪ ਨੂੰ ਕਿਹੜੀ ਕੈਦੀ ਦੱਸਦੇ ਸਨ? ਉਹਨਾਂ ਨੇ ਮੌਕੇ ਦੇ ਗਵਰਨਰ ਨੂੰ ਕੀ ਲਿਖਿਆ ਸੀ?

(ਕ) ਅੰਗਰੇਜ਼ ਹਕੂਮਤ ਨੇ ਤਿੰਨਾਂ ਦੇਸ-ਭਗਤਾਂ ਨੂੰ ਕਦੋਂ ਫਾਂਸੀ ਦਿੱਤੀ ਸੀ?

(ਖ) ਭਗਤ ਸਿੰਘ ਨੇ ਫਾਂਸੀ ਤੋਂ ਕੁਝ ਦਿਨ ਪਹਿਲਾਂ ਕੀ ਵਿਚਾਰ ਪ੍ਰਗਟ ਕੀਤੇ ਸਨ?

2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਸ਼ਹੀਦ, ਹਾਣੀ, ਸਾਂਝ, ਫਾਂਸੀ, ਕੁਰਬਾਨੀ, ਲਾਠੀਚਾਰਜ, ਸੂਰਬੀਰ

3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਹਕੂਮਤ | : | ਰਾਜ, ਸ਼ਾਸਨ, ਸਲਤਨਤ |
| ਜ਼ੁਲਮ | : | ਅੱਤਿਆਚਾਰ |
| ਇਨਕਲਾਬ | : | ਕ੍ਰਾਂਤੀ |
| ਜਾਗਰੂਕ | : | ਜਾਗਣਾ, ਚੇਤੰਨ |
| ਮਨੋਰਥ/ਮਕਸਦ | : | ਮੰਤਵ, ਇਰਾਦਾ, ਇੱਛਾ, ਉਦੇਸ਼ |
| ਮਨਸੂਬਾ | : | ਇਰਾਦਾ, ਸਕੀਮ |

4. ਮੁਹਾਵਰਿਆਂ ਦੇ ਅਰਥ :

| | | |
|---|---|---|
| ਸਾਇਆ ਸਿਰ ਤੋਂ ਉੱਠਣਾ | : | ਮਾਤਾ ਜਾਂ ਪਿਤਾ ਦੀ ਜਾਂ ਦੋਹਾਂ ਦੀ ਬਚਪਨ ਵਿੱਚ ਮੌਤ ਹੋ ਜਾਣੀ |
| ਪਾਲਣ-ਪੋਸਣ ਕਰਨਾ | : | ਦੇਖ-ਭਾਲ਼ ਕਰਨਾ |
| ਫਾਂਸੀ ਦਾ ਰੱਸਾ ਚੁੰਮਣਾ | : | ਖ਼ੁਸ਼ੀ-ਖ਼ੁਸ਼ੀ ਸ਼ਹੀਦ ਹੋਣਾ |
| ਹਾਹਾਕਾਰ ਮੱਚ ਜਾਣਾ | : | ਹਰ ਪਾਸੇ ਚੀਕ-ਪੁਕਾਰ ਹੋਣਾ |
| ਸੁਪਨੇ ਸਾਕਾਰ ਹੋਣਾ | : | ਇੱਛਾ ਪੂਰੀ ਹੋਣਾ |
| ਸਿਰ ਝੁਕਾਉਣਾ | : | ਸਤਿਕਾਰ ਕਰਨਾ |

5. ਸਮਝੋ ਤੇ ਠੀਕ ਮਿਲ਼ਾਨ ਕਰੋ :

| | | |
|---|---|---|
| (ੳ) | ਸ਼ਹੀਦ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ | ਲਹਿਰ |
| (ਅ) | ਸਕਾਟ ਕੇ ਸਾਂਡਰਸ | ਜਲੂਸ |
| (ੲ) | ਪਗੜੀ ਸੰਭਾਲ | ਕੌਮ ਤੇ ਸ਼ਹੀਦ |
| (ਸ) | ਸਾਈਮਨ ਕਮਿਸ਼ਨ-ਗੋ ਬੈਕ | ਅੰਗਰੇਜ਼ ਅਫ਼ਸਰ |
| (ਹ) | ਫਾਂਸੀ ਦਾ ਰੱਸਾ ਚੁੰਮਣਾ | ਨਾਹਰਾ |
| (ਕ) | 'ਇਨਕਲਾਬ-ਜ਼ਿੰਦਾਬਾਦ | ਹੱਸ ਕੇ ਮੌਤ ਕਬੂਲਣੀ |

## ਵਿਆਕਰਨ :

ਦੋ ਜਾਂ ਦੋ ਤੋਂ ਵੱਧ ਮੂਲ ਸ਼ਬਦਾਂ ਨੂੰ ਜੋੜ ਕੇ ਜੋ ਸ਼ਬਦ ਬਣਦੇ ਹਨ, ਉਹ ਸਮਾਸੀ-ਸ਼ਬਦ ਕਹਾਉਂਦੇ ਹਨ। ਇਸ ਪਾਠ ਵਿੱਚੋਂ ਕੁਝ ਉਦਾਹਰਨਾਂ ਇਸ ਪ੍ਰਕਾਰ ਹਨ:

ਪਾਲਣ-ਪੋਸਣ, ਵਿਚਾਰ-ਵਟਾਂਦਰਾ, ਲੁੱਟ-ਖਸੁੱਟ, ਜੰਗੀ-ਕੈਦੀ

*****

## ਪਾਠ-16

# ਵਿਸਾਖੀ ਦਾ ਮੇਲਾ



ਕਿੰਨਾ ਹੈ ਵਿਸਾਖੀ ਵਾਲ਼ਾ ਮੇਲਾ ਭਰਿਆ।
ਜਾਏ ਨਾ ਬਜ਼ਾਰਾਂ ਵਿੱਚ ਪੈਰ ਧਰਿਆ।
ਕਿੰਞ ਹਟਵਾਣੀਆਂ ਨੇ ਪਾਈਆਂ ਹੱਟੀਆਂ।
ਦੋਂਹੀਂ ਹੱਥੀਂ ਕਰਦੇ ਸਵਾਈਆਂ ਖੱਟੀਆਂ।
ਲੱਡੂਆਂ-ਜਲੇਬੀਆਂ ਦੇ ਭਰੇ ਥਾਲ਼ ਨੇ।
ਖਾਣ ਦੇ ਸ਼ੁਕੀਨ ਖੜ੍ਹੇ ਬੰਨ੍ਹ ਪਾਲ਼ ਨੇ।
ਟੋਲੀਆਂ ਬਣਾਈਆਂ ਵੱਖੋ-ਵੱਖ ਮੇਲੀਆਂ।
ਸੋਭਦੇ ਨੇ ਮੇਲੇ ਸਦਾ ਨਾਲ਼ ਬੇਲੀਆਂ।
ਸੀਟੀਆਂ, ਸਪੀਕਰਾਂ ਨੇ ਪਾਇਆ ਸ਼ੋਰ ਹੈ।
ਸ਼ੋਰ ਨਾਲ਼ ਮੇਲੇ ਵਿੱਚ ਆਉਂਦਾ ਲੋਰ ਹੈ।
ਕੱਪੜੇ ਨੇ ਪਾਏ ਲੋਕਾਂ ਰੰਗਾ-ਰੰਗ ਦੇ।
ਕੁੜਤੇ ਤੇ ਚਾਦਰੇ ਨੇ ਕਈ ਢੰਗ ਦੇ।
ਕੀਤੀ ਹੋਈ ਸ਼ੁਰੂ ਕਿਤੇ 'ਵਾਰ' ਢਾਡੀਆਂ।
ਗੱਲਾਂ ਨੇ ਸੁਣਾਉਂਦੇ ਸਾਡੀਆਂ-ਤੁਹਾਡੀਆਂ।
ਕਿਧਰੇ ਪੰਘੂੜੇ ਤੇ ਚੰਡੋਲ ਕਿਧਰੇ।

ਸੁਣਦੇ ਕਵੀਸ਼ਰਾਂ ਦੇ ਬੋਲ ਕਿਧਰੇ।
ਆਥਣੇ ਅਖਾੜੇ ਵਿੱਚ ਢੋਲ ਵੱਜਦੇ।
ਸ਼ੇਰਾਂ ਵਾਂਗੂੰ ਮੱਲ ਨੇ ਅਖਾੜੀਂ ਗੱਜਦੇ।
ਐਨਾ ਮੁਲਖੱਈਆ ਮੇਲੇ ਵਿੱਚ ਢੁੱਕਿਆ।
ਲੱਭਦਾ ਨਹੀਂ ਬੰਦਾ ਸਾਥ ਨਾਲ਼ੋਂ ਉੱਕਿਆ।
ਭੀੜ ਹੋਵੇ ਐਨੀ ਵਿੱਚ ਬੱਸਾਂ-ਲਾਰੀਆਂ।
'ਤੋਬਾ-ਤੋਬਾ' ਕਹਿਣ ਚੜ੍ਹ ਕੇ ਸਵਾਰੀਆਂ।
ਧੁੱਪ, ਧੂੜ, ਧੱਕੇ ਜਿਹੜੇ ਜਰ ਸਕਦੇ।
ਮੇਲਿਆਂ ਦੀ ਸੈਰ ਸੋਈ ਕਰ ਸਕਦੇ।
ਫੁੱਲਾਂ ਵਿੱਚੋਂ ਫੁੱਲ ਸੋਭਦੇ ਗੁਲਾਬ ਦੇ।
ਮੇਲਿਆਂ 'ਚੋਂ ਮੇਲੇ ਰੰਗਲੇ ਪੰਜਾਬ ਦੇ।

## ਪਾਠ-ਅਭਿਆਸ

1. ਦੱਸੋ :

(ੳ) ਵਿਸਾਖੀ ਦੇ ਮੇਲੇ ਵਿੱਚ ਕਿੰਨੀ ਭੀੜ ਸੀ ਤੇ ਲੋਕ ਪਾਲ਼ ਬੰਨ੍ਹ ਕੇ ਕਿੱਥੇ ਖੜ੍ਹੇ ਸਨ ?

(ਅ) ਮੇਲੇ ਵਿੱਚ ਕਾਹਦਾ-ਕਾਹਦਾ ਸ਼ੋਰ ਸੀ ?

(ੲ) ਮੇਲੇ ਵਿੱਚ ਲੋਕਾਂ ਨੇ ਕਿਸ ਤਰ੍ਹਾਂ ਦੇ ਕੱਪੜੇ ਪਾਏ ਹੋਏ ਸਨ ?

(ਸ) ਮੇਲੇ ਵਿੱਚ ਲੋਕਾਂ ਨੂੰ ਕੀ-ਕੀ ਸਹਿਣਾ ਪੈਂਦਾ ਹੈ ?

2. 'ਵਿਸਾਖੀ ਦੇ ਮੇਲੇ' ਦਾ ਬਿਆਨ ਕੁਝ ਸਤਰਾਂ ਵਿੱਚ ਕਰੋ।

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਬੇਲੀ, ਸ਼ੁਕੀਨ, ਗੁਲਾਬ, ਰੰਗਲਾ, ਪੰਜਾਬ

4. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਮੁਲਖੱਈਆ | : | ਬਹੁਤ ਸਾਰੇ ਲੋਕ |
| ਅਖਾੜਾ | : | ਘੁਲ਼ਨ ਦੀ ਥਾਂ, ਪਿੜ |
| ਉੱਕਿਆ | : | ਖੁੰਝਿਆ, ਭੁੱਲਿਆ |
| ਪੰਘੂੜਾ | : | ਛੋਟਾ ਮੰਜਾ, ਝੂਲਾ, ਪਾਲਣਾ |
| ਚੰਡੋਲ | : | ਝੂਲਾ, ਜਿਸ ਵਿੱਚ ਬੈਠ ਕੇ ਝੂਟੇ ਲੈਂਦੇ ਹਨ |
| ਲੋਰ | : | ਮਨ ਦੀ ਮੌਜ, ਮਸਤੀ |

| | | |
|---|---|---|
| ਢਾਡੀ | : | ਵਾਰਾਂ ਗਾਉਣ ਵਾਲ਼ਾ |
| ਕਵੀਸ਼ਰ | : | ਕਵਿਤਾ ਕਹਿਣ ਵਾਲ਼ਾ |

## ਵਿਆਕਰਨ :

ਸ਼ਬਦ ਦੇ ਜਿਸ ਰੂਪ ਤੋਂ ਕਿਸੇ ਇੱਕ ਜੀਵ, ਵਸਤੂ, ਸਥਾਨ ਆਦਿ ਦੀ ਗਿਣਤੀ ਵਿੱਚ ਇੱਕ ਜਾਂ ਇੱਕ ਤੋਂ ਵੱਧ ਹੋਣ ਦਾ ਫ਼ਰਕ ਪਤਾ ਲੱਗੇ, ਉਸ ਨੂੰ ਵਚਨ ਆਖਦੇ ਹਨ। ਪੰਜਾਬੀ ਵਿੱਚ ਵਚਨ ਦੋ ਪ੍ਰਕਾਰ ਦੇ ਹੁੰਦੇ ਹਨ: ਇੱਕਵਚਨ ਅਤੇ ਬਹੁਵਚਨ

– **ਇੱਕਵਚਨ** : ਸ਼ਬਦ ਦੇ ਜਿਸ ਰੂਪ ਤੋਂ ਕਿਸੇ ਇੱਕ ਜੀਵ, ਵਸਤੂ, ਸਥਾਨ ਆਦਿ ਦਾ ਗਿਆਨ ਹੋਵੇ, ਉਸ ਨੂੰ ਇੱਕਵਚਨ ਕਹਿੰਦੇ ਹਨ, ਜਿਵੇਂ- ਮੇਲਾ ਹੱਟੀ, ਬੇਲੀ, ਲੱਡੂ, ਜਲੇਬੀ, ਸਵਾਰੀ ਆਦਿ।

– **ਬਹੁਵਚਨ** : ਸ਼ਬਦ ਦੇ ਜਿਸ ਰੂਪ ਤੋਂ ਇੱਕ ਤੋਂ ਵੱਧ ਜੀਵਾਂ, ਵਸਤਾਂ, ਸਥਾਨਾਂ ਆਦਿ ਦਾ ਗਿਆਨ ਹੋਵੇ, ਉਸ ਨੂੰ ਬਹੁਵਚਨ ਕਹਿੰਦੇ ਹਨ, ਜਿਵੇਂ- ਮੇਲੇ, ਹੱਟੀਆਂ, ਬੇਲੀਆਂ, ਲੱਡੂਆਂ, ਜਲੇਬੀਆਂ, ਸਵਾਰੀਆਂ ਆਦਿ।

### ਵਚਨ ਬਦਲੋ :

ਬਜ਼ਾਰਾਂ, ਸੀਟੀਆਂ, ਸਪੀਕਰਾਂ, ਢਾਡੀਆਂ, ਫੁੱਲਾਂ, ਢੋਲ।

### ਅਧਿਆਪਕ ਲਈ:

ਇਸ ਮੇਲੇ ਦੇ ਮੂਲ ਦ੍ਰਿਸ਼ਾਂ ਨੂੰ ਵਿਦਿਆਰਥੀ ਆਪਣੇ ਸ਼ਬਦਾਂ 'ਚ ਵਾਰਤਕ ਰੂਪ ਵਿੱਚ ਲਿਖਣ।

*****

## ਪਾਠ-17

# ਝੀਲ, ਪਸ਼ੂ-ਪੰਛੀ ਅਤੇ ਬੱਚੇ



ਝੀਲ ਵਿੱਚ ਕਈ ਤਰ੍ਹਾਂ ਦੇ ਪੰਛੀ ਉੱਤਰਦੇ। ਉਹ ਆਪਣੇ ਪਰਾਂ ਨੂੰ ਫੈਲਾ-ਫੈਲਾ ਕੇ ਤੁਰਦੇ। ਉਹ ਝੀਲ ਵਿੱਚੋਂ ਮੱਛੀਆਂ ਫੜਦੇ, ਕੰਢੇ ਉੱਤੇ ਬੈਠਾ ਪਰਾਂ ਨੂੰ ਝਾੜਦੇ, ਕੁਝ ਸਮਾਂ ਸਸਤਾਉਂਦੇ ਅਤੇ ਅੱਗੇ ਨੂੰ ਉੱਡ ਜਾਂਦੇ।

ਸੋਹਣੇ-ਸੋਹਣੇ ਬੱਚੇ ਝੀਲ ਦੀ ਸੈਰ ਕਰਨ ਜਾਂਦੇ। ਉਹ ਨਿੱਕੀਆਂ-ਨਿੱਕੀਆਂ ਬੇੜੀਆਂ ਵਿੱਚ ਬੈਠ ਚੱਪੂ ਚਲਾਉਂਦੇ। ਉਹ ਪਾਣੀ ਨਾਲ਼ ਅਠਖੇਲੀਆਂ ਕਰਦੇ ਅਤੇ ਖ਼ੁਸ਼ੀ-ਖ਼ੁਸ਼ੀ ਆਪਣੇ ਘਰਾਂ ਨੂੰ ਪਰਤ ਜਾਂਦੇ।

ਇੱਕ ਦਿਨ ਬੱਚਿਆਂ ਨੇ ਵੇਖਿਆ ਕਿ ਝੀਲ ਮਰ ਰਹੀ ਸੀ। ਉਹਦੇ ਵਿੱਚ ਹੁਣ ਬਹੁਤਾ ਥੋੜ੍ਹਾ ਪਾਣੀ ਰਹਿ ਗਿਆ ਸੀ। ਹੁਣ ਪੰਛੀ ਵੀ ਉੱਥੇ ਨਾ ਆਉਂਦੇ, ਨਾ ਹੀ ਉਸ ਵਿੱਚ ਕਿਸ਼ਤੀਆਂ ਚੱਲਦੀਆਂ। ਉਦਾਸ ਹੋ ਕੇ ਬੱਚੇ ਪੁੱਛਦੇ:

ਕਿੱਥੇ ਤਾਂ ਗਏ ਤੇਰੇ ਪੰਛੀ ਰੰਗਲੇ ?
ਕਿੱਥੇ ਤਾਂ ਠੰਢੜਾ ਨੀਰ ?

ਅੱਗੋਂ ਝੀਲ ਵਿੱਚੋਂ ਇੱਕ ਮਰੀ ਜਿਹੀ ਲਹਿਰ ਉੱਠਦੀ :

ਉੱਡ ਤਾਂ ਗਏ ਮੇਰੇ ਪੰਛੀ ਰੰਗਲੇ,
ਸੁੱਕ ਗਿਆ ਮੇਰਾ ਨੀਰ।

ਬੱਚੇ ਫੇਰ ਪੁੱਛਦੇ :

ਕਿਉਂ ਉੱਡ ਗਏ ਤੇਰੇ ਪੰਛੀ ਰੰਗਲੇ ?
ਕਿਉਂ ਸੁੱਕ ਗਿਆ ਤੇਰਾ ਨੀਰ ?

ਝੀਲ ਆਖਦੀ :

ਨੀਰ ਨਾ ਮੇਰਾ ਸੁੱਕਦਾ,
ਸਾਊ ਜੇ ਰਹਿੰਦਾ ਮਨੁੱਖ।
ਫੜ ਕੁਹਾੜਾ ਤੁਰ ਪਿਆ,
ਛੱਡਿਆ ਨਾ ਕੋਈ ਰੁੱਖ।

ਦਿੰਦੇ ਮੈਨੂੰ ਨੀਰ ਨਾ,
ਪਰਬਤ ਗਏ ਸਭ ਰੁੱਸ।

ਬੱਚੇ ਪਰਬਤ ਵੱਲ ਨੂੰ ਤੁਰ ਪਏ। ਉਹ ਅੱਗੇ ਗਏ ਤਾਂ ਚਿੜੀਆਂ, ਕਾਂ, ਘੁੱਗੀਆ, ਕਬੂਤਰ ਮਿਲ਼ੇ। ਉਹਨਾਂ ਕੋਲ਼ ਖਾਣ ਲਈ ਦਾਣੇ ਨਹੀਂ ਸਨ, ਆਲ੍ਹਣੇ ਪਾਉਣ ਲਈ ਤੀਲ੍ਹੇ ਨਹੀਂ ਸਨ। ਉਹ ਹੋਰ ਅੱਗੇ ਗਏ ਤਾਂ ਭੁੱਖ ਅਤੇ ਤੇਹ ਦੇ ਤੰਗ ਕੀਤੇ ਹੋਏ ਹਰਨ, ਸਾਂਬਰ, ਬਘਿਆੜ ਅਤੇ ਰਿੱਛ ਮਿਲ਼ੇ। ਉਹ ਸਭ ਬੋਲੇ, "ਅਸੀਂ ਵੀ ਤੁਹਾਡੇ ਨਾਲ਼ ਚੱਲਾਂਗੇ। ਹੁਣ ਪਹਾੜ ਸਾਨੂੰ ਕੁਝ ਨਹੀਂ ਦਿੰਦਾ। ਅਸੀਂ ਭੁੱਖੇ ਹਾਂ। ਪਹਾੜੀ ਨਾਲ਼ਿਆਂ ਦਾ ਪਾਣੀ ਸੁੱਕ ਗਿਆ ਏ। ਅਸੀਂ ਤਿਹਾਏ ਹਾਂ।" ਅੱਗੇ ਇੱਕ ਵੱਡਾ ਪਰਬਤ ਸੀ। ਨਾ ਰੁੱਖ ਸਨ, ਨਾ ਝਾੜੀਆਂ ਅਤੇ ਨਾ ਘਾਹ।

"ਪਰਬਤ! ਪਰਬਤ! ਤੈਨੂੰ ਕੀ ਹੋਇਆ?" ਸਾਰਿਆਂ ਨੇ ਪੁੱਛਿਆ। ਪਰਬਤ ਨੇ ਹਉਕਾ ਲਿਆ:

ਛੱਡੇ ਝਾੜੀ-ਬੂਟ ਨਾ,
ਪੁੱਟ ਲਏ ਸਭ ਰੁੱਖ।
ਦਿੰਦੇ ਮੈਨੂੰ ਨੀਰ ਨਾ,
ਬੱਦਲ਼ ਗਏ ਸਭ ਰੁੱਸ।

ਸਭ ਨੇ ਅਸਮਾਨ ਵੱਲ ਵੇਖਿਆ। ਅਸਮਾਨ ਵਿੱਚ ਬੱਦਲ਼ ਤਾਂ ਸਨ ਪਰ ਵਰ੍ਹ ਨਹੀਂ ਸਨ ਰਹੇ। ਉਹਨਾਂ ਸਭਨਾਂ ਨੇ ਇੱਕ-ਅਵਾਜ਼ ਹੋ ਕੇ ਕਿਹਾ, "ਬੱਦਲ਼ਾ! ਬੱਦਲ਼ਾ! ਤੂੰ ਪਹਾੜ ਨੂੰ ਪਾਣੀ ਕਿਉਂ ਨਹੀਂ ਦਿੰਦਾ?"

ਬੱਦਲ਼ ਨੇ ਉਦਾਸ ਜਿਹੇ ਬੋਲਾਂ ਵਿੱਚ ਕਿਹਾ:

ਕੁਝ ਵੀ ਬਾਕੀ ਨਾ ਰਿਹਾ, ਰੁੱਖ ਸੁੱਟੇ ਸਭ ਚੀਰ।
ਨਾ ਘਾਹ ਨਾ ਪੱਤੀਆਂ, ਕੀਹਨੂੰ ਦੇਵਾਂ ਨੀਰ?

ਬੱਚੇ, ਘੁੱਗੀਆਂ, ਕਾਂ, ਚਿੜੀਆਂ, ਰਿੱਛ, ਬਾਂਦਰ ਸਾਰੇ ਦੇ ਫੇਰ ਪਹਾੜ ਕੋਲ਼ ਗਏ ਅਤੇ ਪੁੱਛਣ ਲੱਗੇ, "ਪਹਾੜ! ਪਹਾੜ! ਤੇਰੇ ਰੁੱਖ ਕੀਹਨੇ ਵੱਢ ਲਏ? ਤੇਰਾ ਘਾਹ ਕਿੱਧਰ ਗਿਆ?

ਪਹਾੜ ਨੇ ਕੁਝ ਗ਼ੁੱਸੇ ਅਤੇ ਕੁਝ ਅਫ਼ਸੋਸ ਨਾਲ ਕਿਹਾ :

ਘੁੱਗੀਆਂ, ਕੁਮਰੀਆਂ, ਲਾਲੀਆਂ ਦੇਵਣ ਮੈਨੂੰ ਸੁੱਖ।
ਬਾਘ-ਬਘੇਲੇ, ਹਾਥੀਆਂ ਕਦੀ ਨਾ ਦਿੱਤਾ ਦੁੱਖ।
ਬੇਮੁੱਖ ਮੈਥੋਂ ਹੋ ਗਿਆ, ਅਕ੍ਰਿਤਘਣ ਮਨੁੱਖ।

ਬੱਚੇ, ਘੁੱਗੀਆਂ, ਕਾਂ, ਚਿੜੀਆਂ, ਰਿੱਛ, ਬਾਂਦਰ ਸਾਰੇ ਇਕੱਠੇ ਹੋ ਕੇ ਮਨੁੱਖ ਕੋਲ਼ ਗਏ ਅਤੇ ਪੁੱਛਣ ਲੱਗੇ, "ਮਨੁੱਖ! ਮਨੁੱਖ! ਤੂੰ ਰੁੱਖ ਕਿਉਂ ਵੱਢ ਲਏ? ਤੂੰ ਉਹਨਾਂ ਸਾਰੇ ਰੁੱਖਾਂ ਨੂੰ ਮੁੜ ਕੇ ਬੀਜ ਦੇ! ਨਹੀਂ ਤਾਂ ਪੰਛੀ ਤੈਨੂੰ ਚੁੰਝਾਂ ਮਾਰ-ਮਾਰ ਕੇ ਮਾਰ ਦੇਣਗੇ। ਸ਼ੇਰ ਤੈਨੂੰ ਖਾ ਜਾਵੇਗਾ, ਹਾਥੀ ਤੈਨੂੰ ਪੈਰਾਂ ਥੱਲੇ ਮਧੋਲ਼ ਦੇਵਗਾ।"

"ਮੇਰੀ ਜਾਨ ਬਖ਼ਸ਼ ਦਿਓ। ਗ਼ਲਤੀ ਮੇਰੀ ਹੈ। ਮੈਂ ਸਾਰੇ ਰੁੱਖ ਵੱਢ ਲਏ। ਮੇਰੇ ਖੇਤਾਂ ਵਿੱਚ ਸੋਕੇ ਨਾਲ਼ ਦਰਾੜਾਂ ਪੈ ਗਈਆਂ ਹਨ। ਮੇਰੇ ਕੋਲ਼ ਅੰਨ ਨਹੀਂ, ਪਾਣੀ ਨਹੀਂ। ਜੋ ਸਜ਼ਾ ਮਰਜ਼ੀ ਮੈਨੂੰ ਦੇਵੋ। ਮੈਂ ਪਾਪੀ ਹਾਂ।" ਮਨੁੱਖ ਰੋ ਪਿਆ।

ਮਨੁੱਖ ਨੇ ਹੋਰ ਮਨੁੱਖਾਂ ਨੂੰ ਅਵਾਜ਼ਾਂ ਮਾਰੀਆਂ। ਸਾਰੇ ਇਕੱਠੇ ਹੋ ਗਏ। ਉਹਨਾਂ ਦੇ ਮੋਢਿਆਂ ਉੱਤੇ ਕਹੀਆਂ ਤੇ ਬੇਲਚੇ ਸਨ। ਮਗਰੇ-ਮਗਰ ਬੱਚੇ, ਪੰਛੀ ਅਤੇ ਪਸ਼ੂ ਤੁਰ ਪਏ।

ਮਨੁੱਖ ਧਰਤੀ ਪੁੱਟਣ ਲੱਗਿਆ। ਧਰਤੀ ਸਖ਼ਤ ਅਤੇ ਸੁੱਕੀ ਸੀ। ਮਨੁੱਖ ਨੇ ਕਿਹਾ, "ਪਾਣੀ ਨਹੀਂ ਹੈ।"

ਪੰਛੀਆਂ ਨੇ ਕਿਹਾ, "ਅਸੀਂ ਆਪਣੀਆਂ ਚੁੰਝਾਂ ਵਿੱਚ ਪਾਣੀ ਲਿਆਵਾਂਗੇ।"

"ਬੂਟੇ ਮੈਂ ਬੀਜ ਦਿੰਦਾ ਹਾਂ ਪਰ ਰਾਖੀ ਕੌਣ ਕਰੇਗਾ?" ਮਨੁੱਖ ਨੇ ਕਿਹਾ।

"ਇਹਨਾਂ ਦੀ ਰਾਖੀ ਅਸੀਂ ਕਰਾਂਗੇ।" ਸ਼ੇਰ ਅਤੇ ਚੀਤੇ ਨੇ ਕਿਹਾ।

ਮਨੁੱਖ ਨੇ ਬੂਟੇ ਲਾ ਦਿੱਤੇ। ਪੰਛੀ ਚੁੰਝਾਂ ਵਿੱਚ ਪਾਣੀ ਲੈ ਆਉਂਦੇ। ਉਹ ਰੁੱਖਾਂ ਨੂੰ ਸਿੰਜਦੇ। ਸ਼ੇਰ, ਚੀਤੇ, ਬਘਿਆੜ ਉਹਨਾਂ ਦੀ ਰਾਖੀ ਕਰਦੇ। ਅਚਾਨਕ ਇੱਕ ਦਿਨ ਬੱਦਲ਼ ਆਇਆ ਤੇ ਕਹਿਣ ਲੱਗਿਆ, "ਮੈਂ ਤੁਹਾਡੇ ਬੂਟਿਆਂ ਅਤੇ ਰੁੱਖਾਂ ਨੂੰ ਪਾਣੀ ਦੇਵਾਂਗਾ। ਮੈਂ ਤੁਹਾਡੇ 'ਤੇ ਬਹੁਤ ਖ਼ੁਸ਼ ਹਾਂ।"

ਰੁੱਖ ਵੱਡੇ ਹੋਣ ਲੱਗੇ। ਝਾੜੀਆਂ ਅਤੇ ਘਾਹ ਆਪੇ ਹੀ ਉੱਗ ਗਏ। ਰੰਗਲੇ ਪੰਛੀਆਂ ਨੇ ਰੁੱਖਾਂ ਉੱਤੇ ਆਲ੍ਹਣੇ ਪਾ ਲਏ। ਪੰਛੀ ਗੀਤ ਗਾਉਂਦੇ। ਮੋਰ ਪੈਲਾਂ ਪਾਉਂਦੇ। ਸ਼ੇਰ ਅਤੇ ਰਿੱਛ ਆਪਣਾ ਕੁਦਰਤੀ ਸ਼ਿਕਾਰ ਖਾਂਦੇ। ਉਹ ਸਭ ਨਦੀ-ਨਾਲ਼ਿਆਂ ਵਿੱਚੋਂ ਠੰਢਾ ਪਾਣੀ ਪੀਂਦੇ ਅਤੇ ਆਪਣੇ ਬੱਚਿਆਂ ਨਾਲ਼ ਖੇਡਦੇ।

ਸ਼ਹਿਰ ਵਾਲ਼ੀ ਝੀਲ ਹੁਣ ਪਾਣੀ ਨਾਲ਼ ਨੱਕੋ-ਨੱਕ ਭਰੀ ਰਹਿੰਦੀ। ਉੱਥੇ ਸੁੰਦਰ-ਸੁੰਦਰ ਬੱਚੇ ਆਉਂਦੇ। ਹੱਸਦੇ-ਖੇਡਦੇ, ਖਾਂਦੇ-ਪੀਂਦੇ, ਕਿਸ਼ਤੀਆਂ ਵਿੱਚ ਸੈਰ ਕਰਦੇ, ਖਿੜ-ਖਿੜ ਹੱਸਦੇ। ਝੀਲ ਦੇ ਨਾਲ਼ ਹੀ ਇੱਕ ਹਰਿਆ-ਭਰਿਆ ਜੰਗਲ਼ ਸ਼ੁਰੂ ਹੋ ਜਾਂਦਾ ਸੀ। ਬੱਚੇ ਉਸ ਜੰਗਲ ਵਿੱਚ ਜਾਂਦੇ, ਰੰਗਲੇ ਪੰਛੀਆਂ ਨੂੰ ਵੇਖ-ਵੇਖ ਖ਼ੁਸ਼ ਹੁੰਦੇ, ਪੈਲਾਂ ਪਾਉਂਦੇ ਮੋਰਾਂ ਨੂੰ ਵੇਖ ਗਦ-ਗਦ ਹੁੰਦੇ।

## ਪਾਠ-ਅਭਿਆਸ

1. ਦੱਸੋ :

(ੳ) ਬੱਚੇ ਝੀਲ ਉੱਤੇ ਜਾ ਕੇ ਕੀ ਕਰਦੇ ਸਨ ?

(ਅ) ਬੱਚਿਆਂ ਨੇ ਝੀਲ 'ਤੇ ਜਾ ਕੇ ਕੀ ਦੇਖਿਆ ਤੇ ਉਦਾਸ ਹੋ ਕੇ ਝੀਲ ਤੋਂ ਕੀ ਪੁੱਛਿਆ ?

(ੲ) ਝੀਲ ਨੇ ਬੱਚਿਆਂ ਨੂੰ ਕੀ ਜਵਾਬ ਦਿੱਤਾ ?

(ਸ) ਜਦੋਂ ਬੱਚੇ ਪਰਬਤ ਵੱਲ ਤੁਰੇ ਤਾਂ ਉਹਨਾਂ ਨੂੰ ਕਿਹੜੇ-ਕਿਹੜੇ ਪੰਛੀ ਤੇ ਜਾਨਵਰ ਮਿਲ਼ੇ ?

(ਹ) ਮਨੁੱਖ ਨੇ ਬੱਚਿਆਂ, ਜਾਨਵਰਾਂ ਤੇ ਪੰਛੀਆਂ ਤੋਂ ਕਿਸ ਗੱਲ ਲਈ ਮਾਫ਼ੀ ਮੰਗੀ ਸੀ ?

(ਕ) ਪੰਛੀਆਂ ਤੇ ਜਾਨਵਰਾਂ ਨੇ ਮਨੁੱਖ ਦੀ ਮਦਦ ਕਿਸ ਰੂਪ ਵਿੱਚ ਕੀਤੀ ?

(ਖ) ਧਰਤੀ ਉੱਤੇ ਰੁੱਖ-ਬੂਟੇ ਬੀਜਣ ਤੋਂ ਬਾਅਦ ਕੀ ਵਾਪਰਿਆ ?

2. ਖ਼ਾਲੀ ਥਾਵਾਂ ਭਰੋ :

(ੳ) ਇੱਕ ਦਿਨ ਬੱਚਿਆਂ ਨੇ ਦੇਖਿਆ ਕਿ ਝੀਲ .................... ਰਹੀ ਸੀ।

(ਅ) ਹੁਣ .................... ਵੀ ਉੱਥੇ ਨਾ ਆਉਂਦੇ। ਨਾ ਹੀ ਉਸ ਵਿੱਚ .................... ਚੱਲਦੀਆਂ।

(ੲ) ਬੱਚੇ .................... ਵੱਲ ਨੂੰ ਤੁਰ ਪਏ।

(ਸ) ਪਹਾੜ! ਪਹਾੜ! ਤੇਰੇ .................... ਕੀਹਨੇ ਵੱਢ ਲਏ।

(ਹ) ਮੈਨੂੰ .................... ਦਿਓ। ਗ਼ਲਤੀ ਮੇਰੀ ਹੈ। ਮੈਂ ਸਾਰੇ .................... ਵੱਢ ਲਏ।

3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਅਠਖੇਲੀਆਂ | : | ਮਸਤੀ ਭਰੀ ਚਾਲ, ਮਸਤਾਨੀ ਚਾਲ |
| ਅਕ੍ਰਿਤਘਣ | : | ਜੋ ਕੀਤਾ ਨਾ ਜਾਣੇ, ਕੀਤੇ ਉਪਕਾਰ ਨੂੰ ਭੁੱਲ ਜਾਣਾ ਵਾਲ਼ਾ |
| ਪਰਬਤ | : | ਪਹਾੜ |
| ਨੀਰ | : | ਪਾਣੀ, ਜਲ |
| ਗਦ-ਗਦ ਹੋਣਾ | : | ਖ਼ੁਸ਼ ਹੋਣਾ |

## ਵਿਆਕਰਨ :

ਕੁਝ ਸ਼ਬਦ ਦੂਜੇ ਸ਼ਬਦਾਂ ਦੇ ਅੱਗੇ ਜੁੜ ਜਾਂਦੇ ਹਨ ਜਿਸ ਨਾਲ਼ ਉਹਨਾਂ ਸ਼ਬਦਾਂ ਦੇ ਅਰਥਾਂ ਵਿੱਚ ਫ਼ਰਕ ਪੈ ਜਾਂਦਾ ਹੈ। ਇਹਨਾਂ ਜੁੜਨ ਵਾਲ਼ੇ ਸ਼ਬਦਾਂ ਨੂੰ ਅਗੇਤਰ ਕਹਿੰਦੇ ਹਨ, ਜਿਵੇਂਕਿ : ਬੇਮੁੱਖ।

ਹੁਣ ਤੱਕ ਪੜ੍ਹੇ ਪਾਠਾਂ ਵਿੱਚੋਂ ਅਗੇਤਰ ਲੱਗੇ ਸ਼ਬਦ ਚੁਣ ਕੇ ਲਿਖੋ।

### ਅਧਿਆਪਕ ਲਈ :

ਵਿਦਿਆਰਥੀਆਂ ਨੂੰ ਕਿਸੇ ਨੇੜੇ ਦੀ ਝੀਲ ਦੀ ਸੈਰ ਕਰਵਾਈ ਜਾਵੇ ਜਿੱਥੇ ਪੰਛੀਆਂ ਦੀ ਆਮਦ ਹੋਵੇ।

ਵਿਦਿਆਰਥੀਆਂ ਨੂੰ ਲੋਪ ਹੋ ਰਹੇ ਪੰਛੀਆਂ ਬਾਰੇ ਦੱਸਦਿਆਂ ਆਪਣੇ ਘਰਾਂ ਤੇ ਆਲ਼ੇ-ਦੁਆਲ਼ੇ 'ਚ ਵਿਚਰਨ ਵਾਲ਼ੇ ਪੰਛੀਆਂ ਲਈ ਪਾਣੀ ਤੇ ਚੋਗੇ ਦੇ ਪ੍ਰਬੰਧ ਲਈ ਪ੍ਰੇਰਨਾ ਦਿੱਤੀ ਜਾਵੇ।

*****

## ਪਾਠ-18

# ਸੜਕੀ ਦੁਰਘਟਨਾਵਾਂ ਤੋਂ ਬਚਾਅ

ਸੜਕਾਂ ਉੱਤੇ ਬੱਸਾਂ, ਕਾਰਾਂ, ਸਾਈਕਲਾਂ ਆਦਿ ਨੂੰ ਕੀੜੀਆਂ ਵਾਂਗ ਘੁੰਮਦੇ ਵੇਖ ਕੇ ਇੰਞ ਜਾਪਦਾ ਹੈ, ਜਿਵੇਂ ਲੋਕੀਂ ਘਰਾਂ ਨੂੰ ਛੱਡ ਕੇ ਸੜਕਾਂ ਉੱਤੇ ਹੀ ਆ ਗਏ ਹੋਣ। ਸੜਕਾਂ ਉੱਤੇ ਦਿਨ-ਬਦਿਨ ਆਵਾਜਾਈ ਵਧ ਰਹੀ ਹੈ। ਵੱਡੇ ਸ਼ਹਿਰਾਂ ਦੇ ਬਜ਼ਾਰਾਂ ਵਿੱਚ ਤਾਂ ਪੈਦਲ ਚੱਲਣਾ ਵੀ ਔਖਾ ਹੋ ਜਾਂਦਾ ਹੈ। ਇਹਨਾਂ ਸ਼ਹਿਰਾਂ ਵਿੱਚ ਮਾਲ ਤੇ ਬੰਦਿਆਂ ਦੀ ਢੋ-ਢੁਆਈ ਕਰਦੇ ਟਰੱਕਾਂ, ਬੱਸਾਂ, ਕਾਰਾਂ ਆਦਿ ਦਾ ਤਾਂਤਾ ਲੱਗਿਆ ਰਹਿੰਦਾ ਹੈ। ਹੁਣ ਤਾਂ ਪਿੰਡਾਂ ਨੂੰ ਜਾਂਦੀਆਂ ਸੜਕਾਂ ਉੱਤੇ ਵੀ ਆਵਾਜਾਈ ਵਧਣ ਲੱਗ ਪਈ ਹੈ।

ਸੜਕਾਂ ਦੇ ਜਾਲ਼ ਵਿਛਣ ਕਾਰਨ ਪਿੰਡ ਤੇ ਦੂਰ-ਦੁਰਾਡੇ ਪਛੜੇ ਇਲਾਕੇ ਵੀ ਸ਼ਹਿਰਾਂ ਨਾਲ਼ ਜੁੜੇ ਗਏ ਹਨ। ਬੱਸਾਂ-ਗੱਡੀਆਂ ਦੀਆਂ ਸਹੂਲਤਾਂ ਕਾਰਨ ਅਨੇਕ ਕਿਸਮ ਦੇ ਕੰਮਾਂ-ਕਾਰਾਂ ਦੇ ਸੰਬੰਧ ਵਿੱਚ ਲੋਕਾਂ ਦਾ ਆਉਣ-ਜਾਣ ਵਧੇਰੇ ਹੋ ਗਿਆ ਹੈ। ਕੋਈ ਸ਼ਹਿਰ ਨੌਕਰੀ ਕਰਨ ਜਾਂਦਾ ਹੈ, ਕੋਈ ਪੜ੍ਹਨ ਲਈ। ਕਿਸੇ ਨੇ ਸ਼ਹਿਰ ਦੇ ਹਸਪਤਾਲ ਵਿੱਚ ਰੋਗੀ ਰਿਸ਼ਤੇਦਾਰ ਨੂੰ ਮਿਲ਼ਨ ਜਾਣਾ ਹੁੰਦਾ ਹੈ। ਪੈਦਲ ਚੱਲਣਾ ਅਤੇ ਪਸ਼ੂਆਂ ਦੀ ਸਵਾਰੀ ਕਰਨਾ ਘਟ ਗਿਆ ਹੈ। ਉਸ ਦੀ ਥਾਂ ਤੇਜ਼ ਚੱਲਣ ਵਾਲ਼ੇ ਮਸ਼ੀਨੀ ਸਾਧਨ ਵਧ ਗਏ ਹਨ। ਨਿੱਤ ਨਵੇਂ ਦਿਨ ਤੇਜ਼ ਤੋਂ ਤੇਜ਼ ਚੱਲਣ ਵਾਲ਼ੀਆਂ ਕਾਰਾਂ, ਮੋਟਰਾਂ, ਗੱਡੀਆਂ ਅਤੇ ਹਵਾਈ-ਜਹਾਜ਼ਾਂ ਦੀਆਂ ਕਾਢਾਂ ਦਾ ਪਤਾ ਲੱਗਦਾ ਹੈ।

ਦੇਸ ਵਿੱਚ ਹੋ ਰਹੀ ਤਰੱਕੀ ਕਾਰਨ ਲੋਕਾਂ ਦੇ ਕੰਮ-ਕਾਰ ਵਧ ਰਹੇ ਹਨ ਤੇ ਵਿਹਲ ਘਟ ਰਹੀ ਹੈ। ਜੇ ਵਿਹਲ ਨਹੀਂ ਘਟੀ ਤਾਂ ਠਰ੍ਹੰਮਾ ਜ਼ਰੂਰ ਘਟ ਗਿਆ ਹੈ।

ਹਰ ਕੋਈ ਕਾਹਲ਼ ਵਿੱਚ ਹੁੰਦਾ ਹੈ। ਜ਼ਰਾ ਕਿਤੇ ਰੁਕਣਾ ਪਏ ਤਾਂ ਮਨ ਕਿੰਨਾ ਬੇਚੈਨ ਹੁੰਦਾ ਹੈ। ਤੁਸੀਂ ਕਦੇ ਰੇਲ ਦਾ ਫਾਟਕ ਬੰਦ ਹੋਇਆ ਵੇਖਿਆ ਹੋਣਾ ਹੈ। ਫਾਟਕ ਦੇ ਦੋਵੇਂ ਪਾਸੇ ਆਉਣ-ਜਾਣ ਵਾਲ਼ਿਆਂ ਦੀ ਭੀੜ ਲੱਗ ਜਾਂਦੀ ਹੈ। ਹਰ ਕੋਈ ਏਨਾ ਕਾਹਲ਼ਾ ਹੁੰਦਾ ਹੈ ਕਿ ਮੁੜ-ਮੁੜ ਫਾਟਕ ਵਾਲ਼ੇ ਨੂੰ ਅਵਾਜ਼ਾਂ ਦਿੱਤੀਆਂ ਜਾਂਦੀਆਂ ਹਨ, ਬੁਰਾ-ਭਲਾ ਕਿਹਾ ਜਾਂਦਾ ਹੈ।


'ਹੂੰ ! ਗੱਡੀ ਘੰਟੇ ਨੂੰ ਆਉਣੀ ਏ, ਇਹਨੇ ਫਾਟਕ ਪਹਿਲਾਂ ਹੀ ਬੰਦ ਕਰ ਦਿੱਤਾ' ਜਾਂ 'ਓਏ, ਖੋਲ੍ਹ ਵੀ ਹੁਣ, ਕਿਵੇਂ ਹੌਲੀ-ਹੌਲ਼ੀ ਤੁਰਦਾ ਏ ?'

ਜਦੋਂ ਫਾਟਕ ਖੁੱਲ੍ਹਿਆ ਤਾਂ ਜਿਵੇ ਮੱਝਾਂ ਦੇ ਸਿੰਗ ਫਸ ਜਾਂਦੇ ਹਨ। ਦੋਵੇਂ ਪਾਸੇ ਦੀਆਂ ਬੱਸਾਂ, ਮੋਟਰਾਂ ਆਮ੍ਹੋ-ਸਾਮ੍ਹਣੇ ਫਸ ਖਲੋਂਦੀਆਂ ਹਨ।

ਇਸ ਬੇਸਬਰੀ ਦੇ ਬੜੇ ਭਿਆਨਕ ਨਤੀਜੇ ਨਿਕਲ਼ਦੇ ਹਨ। ਨਿੱਤ ਚੜ੍ਹੇ ਸੂਰਜ ਦਿਲ-ਕੰਬਾਊ ਦੁਰਘਟਨਾਵਾਂ ਦੇ ਸਮਾਚਾਰ ਮਿਲ਼ਦੇ ਹਨ। ਜਵਾਨ-ਜਹਾਨ ਮਰਦ, ਇਸਤਰੀਆਂ ਅਤੇ ਬੱਚੇ ਬੇਵਕਤ ਦੀ ਮੌਤ ਮਰਦੇ ਹਨ। ਕਈ ਬਚ ਤਾਂ ਜਾਂਦੇ ਹਨ ਪਰ ਅੰਗਹੀਣ ਹੋ ਜਾਂਦੇ ਹਨ। ਲੱਖਾਂ ਰੁਪਏ ਦੀਆਂ ਗੱਡੀਆਂ-ਮੋਟਰਾਂ ਦੀ ਟੁੱਟ-ਭੱਜ ਅੱਡ ਹੁੰਦੀ ਹੈ।

ਇਹਨਾਂ ਦੁਰਘਟਨਾਵਾਂ ਲਈ ਸੜਕ ਉੱਤੇ ਚੱਲਣ ਵਾਲ਼ੇ ਸਾਰੇ ਹੀ ਜ਼ੁੰਮੇਵਾਰ ਹਨ। ਦੁਰਘਟਨਾਵਾਂ ਦਾ ਇੱਕ ਕਾਰਨ ਹਰ ਇੱਕ ਦਾ ਤੇਜ਼ ਚੱਲਣਾ ਹੈ। ਹਰ ਕੋਈ ਚਾਹੁੰਦਾ ਹੈ ਵੱਧ ਤੋਂ ਵੱਧ ਸਪੀਡ 'ਤੇ ਗੱਡੀ ਚਲਾਵੇ। ਜੇ ਆਪ ਨਹੀਂ ਚਲਾਉਂਦੇ ਤਾਂ ਡ੍ਰਾਈਵਰ ਨੂੰ 'ਹੋਰ ਤੇਜ਼' ਚਲਾਉਣ ਲਈ ਕਹਿੰਦੇ ਹਨ। ਸੜਕਾਂ ਉੱਤੇ ਦੋ ਬਰਾਬਰ ਭੱਜਦੀਆਂ ਬੱਸਾਂ ਦੀ ਦੌੜ ਅਕਸਰ ਵੇਖੀ ਜਾਂਦੀ ਹੈ। ਉਹ ਇੱਕ-ਦੂਜੇ ਤੋਂ ਅੱਗੇ ਲੰਘਣ ਦੀ ਕੋਸ਼ਸ਼ ਕਰਦੇ ਹਨ ਪਰ ਮਸ਼ੀਨਾਂ ਨਾਲ਼ ਕਾਹਦਾ ਜ਼ੋਰ !

ਤੇਜ਼ ਭੱਜਦੀ ਮੋਟਰ-ਗੱਡੀ ਔਖੀ ਰੁਕਦੀ ਹੈ। ਮੁੜਨ ਵੇਲ਼ੇ ਉਲਟ ਜਾਂਦੀ ਹੈ। ਭਲਾ ਸੋਚੋ, ਸਵਾਰੀਆਂ ਨਾਲ ਭਰੀ ਬੱਸ ਨੂੰ ਮੁਕਾਬਲੇ ਵਿੱਚ ਭਜਾਉਣਾ ਸਾਰੀਆਂ ਸਵਾਰੀਆਂ ਦੀ ਜਾਨ ਨਾਲ਼ ਖੇਡਣਾ ਨਹੀਂ ! ਹੌਲ਼ੀ ਚਲਾਉਣ ਨਾਲ਼ ਮਸਾਂ ਕੁਝ ਮਿੰਟਾਂ ਦੀ ਹੀ ਦੇਰੀ ਹੁੰਦੀ ਹੈ।



ਬਹੁਤ ਸਾਰੇ ਹਾਦਸੇ ਡ੍ਰਾਈਵਰਾਂ ਦੀ ਲਾਪਰਵਾਹੀ ਨਾਲ਼ ਵੀ ਹੁੰਦੇ ਹਨ। ਸ਼ਰਾਬ ਪੀ ਕੇ ਗੱਡੀ ਚਲਾਉਣੀ ਜਾਂ ਗੱਡੀ ਚਲਾਉਂਦਿਆਂ ਕੰਡਕਟਰ ਜਾਂ ਕਿਸੇ ਹੋਰ ਸਵਾਰੀ ਨਾਲ਼ ਗੱਲੀਂ ਪੈ ਜਾਣਾ ਹਾਦਸੇ ਦਾ ਕਾਰਨ ਬਣ ਜਾਂਦਾ ਹੈ। ਆਪਣੀ ਗੱਡੀ ਨੂੰ ਚੈੱਕ ਨਾ ਕਰਨਾ, ਬ੍ਰੇਕਾਂ ਜਾਂ ਰੋਸ਼ਨੀ ਦਾ ਪ੍ਰਬੰਧ ਠੀਕ ਨਾ ਰੱਖਣਾ, ਦੁਰਘਟਨਾਵਾਂ ਦੇ ਖ਼ਤਰੇ ਨੂੰ ਵਧਾਉਣਾ ਹੈ।

ਕਹਿੰਦੇ ਹਨ, ਤਾੜੀ ਇੱਕ ਹੱਥ ਨਾਲ਼ ਨਹੀਂ ਵੱਜਦੀ। ਡ੍ਰਾਈਵਰ ਲੱਖ ਸਾਵਧਾਨੀ ਨਾਲ਼ ਗੱਡੀਆਂ ਚਲਾਉਣ ਜੇ ਸੜਕ ਉੱਤੇ ਚੱਲਦੇ ਹੋਰ ਲੋਕ ਲਾਪਰਵਾਹੀ ਵਰਤਣਗੇ ਤਾਂ ਦੁਰਘਟਨਾਵਾਂ ਹੁੰਦੀਆਂ ਹੀ ਰਹਿਣਗੀਆਂ।

ਭੀੜ ਵਾਲ਼ੀਆਂ ਸੜਕਾਂ ਉੱਤੇ ਪੈਦਲ ਚੱਲਣ ਵਾਲ਼ਿਆਂ ਦਾ ਆਪਣੇ ਖੱਬੇ ਹੱਥ ਨਾ ਤੁਰਨਾ, ਸਾਈਕਲ ਚਲਾਉਣ ਵਾਲ਼ਿਆਂ ਦਾ ਦੋ-ਦੋ, ਤਿੰਨ-ਤਿੰਨ ਦੀਆਂ ਜੋੜੀਆਂ ਬਣਾ ਕੇ ਚੱਲਣਾ, ਮੁੜਨ ਵੇਲੇ ਹੱਥ ਦਾ ਇਸ਼ਾਰਾ ਨਾ ਦੇਣਾ ਜਾਂ ਗੱਡੀਆਂ-ਮੋਟਰਾਂ ਦੇ ਇਸ਼ਾਰੇ ਅਤੇ ਹਾਰਨਾਂ ਦੀ ਪਰਵਾਹ ਨਾ ਕਰਨਾ, ਮੌਤ ਨੂੰ ਅਵਾਜ਼ਾਂ ਮਾਰਨ ਵਾਲ਼ੀ ਗੱਲ ਹੈ। ਸੜਕ ਆਉਣ-ਜਾਣ ਲਈ ਹੁੰਦੀ ਹੈ, ਵਿਚਕਾਰ ਖੜ੍ਹ ਕੇ ਗੱਲਾਂ ਮਾਰਨ ਜਾਂ ਬੈਠ ਕੇ ਅਰਾਮ ਕਰਨ ਲਈ ਨਹੀਂ ਹੁੰਦੀ ਪਰ ਕਈ ਲੋਕ ਅਜਿਹਾ ਸਮਝਦੇ ਹਨ ਕਿ ਜਿੱਥੇ ਕੋਈ ਜਾਣ-ਪਛਾਣ ਵਾਲ਼ਾ ਮਿਲ ਗਿਆ, ਉੱਥੇ ਹੀ ਖੜ੍ਹ ਗਏ, ਭਾਵੇਂ ਉੱਤੇ ਟ੍ਰੱਕ ਆ ਚੜ੍ਹੇ।

ਕਈ ਸੱਜਣ ਸਾਈਕਲ ਜਾਂ ਸਕੂਟਰ ਰਾਹ ਦੇ ਵਿਚਕਾਰ ਖੜ੍ਹਾ ਕਰ ਦਿੰਦੇ ਹਨ। ਰਾਹ ਰੁਕ ਜਾਂਦਾ ਹੈ। ਦੁਰਘਟਨਾਵਾਂ ਦਾ ਡਰ ਵਧ ਜਾਂਦਾ ਹੈ। ਛੋਟੇ ਬੱਚੇ ਭੋਲ਼ੇਪਣ ਵਿੱਚ ਸੜਕ ਉੱਤੇ ਖੇਡਦੇ ਹਨ। ਪੇਂਡੂ ਲੋਕ ਸੜਕਾਂ ਦੇ ਕਿਨਾਰੇ ਆਪਣੇ ਪਸ਼ੂਆਂ ਨੂੰ ਚਾਰਦੇ ਹਨ।

ਕਈ ਹਾਲਤਾਂ ਵਿੱਚ ਭੀੜੀਆਂ ਸੜਕਾਂ 'ਤੇ ਭੈੜਾ ਮੌਸਮ ਵੀ ਦੁਰਘਟਨਾ ਦਾ ਕਾਰਨ ਬਣਦਾ ਹੈ। ਵਰਖਾ ਰੁੱਤ ਵਿੱਚ ਕਈ ਥਾਂਵਾਂ 'ਤੇ ਸੇਮ ਆ ਜਾਂਦੀ ਹੈ, ਸੜਕ ਦਬ ਜਾਂਦੀ ਹੈ। ਤੇਜ਼ ਮੀਂਹ ਪੈਣ ਕਾਰਨ ਘਰਾਲ਼ਾਂ ਪੈ ਜਾਂਦੀਆਂ ਹਨ। ਪਹਾੜੀ ਇਲਾਕਿਆਂ ਵਿੱਚ ਪਹਾੜੀਆਂ ਦੀ ਮਿੱਟੀ ਡਿਗ ਕੇ ਰਸਤਾ ਰੋਕ ਲੈਂਦੀ ਹੈ। ਅਜਿਹੇ ਮੌਕੇ ਗੱਡੀਆਂ-ਮੋਟਰਾਂ ਨੂੰ ਖ਼ਤਰੇ ਤੋਂ ਬਚਾਉਣ ਲਈ ਸੰਕੇਤ-ਬੋਰਡ ਲਾਉਣੇ ਚਾਹੀਦੇ ਹਨ। ਭਾਰੀ ਧੁੰਦ ਵਿੱਚ ਵੀ ਗੱਡੀਆਂ ਦੀਆਂ ਟੱਕਰਾਂ ਹੋ ਜਾਂਦੀਆਂ ਹਨ।

ਦੁਰਘਟਨਾਵਾਂ ਨੂੰ ਰੋਕਣ ਦੇ ਉਪਾਅ ਸੜਕ ਉੱਤੇ ਚੱਲਣ ਵਾਲ਼ਿਆਂ ਕੋਲ਼ ਹੀ ਹਨ। ਉਹਨਾਂ ਦੁਆਰਾ ਵਰਤੀ ਗਈ ਸਾਵਧਾਨੀ ਨਾਲ਼ ਹੀ ਇਸ ਸਮੱਸਿਆ ਨੂੰ ਨਜਿੱਠਿਆ ਜਾ ਸਕਦਾ ਹੈ।

ਸੜਕ ਉੱਤੇ ਚੱਲਣ ਦੇ ਕੁਝ ਨਿਯਮ ਇਸ ਪ੍ਰਕਾਰ ਹਨ:

ਆਪਣੇ ਖੱਬੇ ਹੱਥ ਚੱਲੋ। ਸੜਕ ਸਾਵਧਾਨੀ ਨਾਲ਼ ਪਹਿਲਾਂ ਸੱਜੇ ਪਾਸੇ ਵੇਖ ਕੇ ਫਿਰ ਖੱਬੇ ਪਾਸੇ ਵੇਖ ਕੇ ਪਾਰ ਕਰੋ। ਕਾਹਲ਼ ਨਾ ਕਰੋ । ਘਬਰਾਹਟ ਵਿੱਚ ਭੱਜੋ ਨਾ। ਸੜਕ ਖ਼ਾਲੀ ਨਾ ਹੋਵੇ ਤਾਂ ਰੁਕ ਜਾਓ। ਜੇ ਦੂਜਿਆਂ ਨੂੰ ਪਾਰ ਕਰਨਾ ਹੈ ਤਾਂ ਉਹਨਾਂ ਦੇ ਸੱਜੇ ਪਾਸਿਓਂ ਕਰੋ। ਚੌਕਾਂ ਅਤੇ ਭੀੜ ਵਾਲ਼ੀਆਂ ਥਾਂਵਾਂ 'ਤੇ ਟ੍ਰੈਫ਼ਿਕ ਦੇ ਸਿਪਾਹੀ ਦੇ ਇਸ਼ਾਰੇ ਮੰਨੋ। ਜੇ ਰੋਸ਼ਨੀਆਂ ਲੱਗੀਆਂ ਹਨ ਤਾਂ ਸਮਝੋ ਕਿ ਹਰੀ ਬੱਤੀ ਚੱਲਣ ਲਈ ਹੈ, ਪੀਲ਼ੀ ਉਡੀਕਣ ਲਈ ਅਤੇ ਲਾਲ ਰੁਕਣ ਲਈ।

ਚੰਡੀਗੜ੍ਹ ਵਰਗੇ ਸ਼ਹਿਰਾਂ ਵਿੱਚ ਪੁਲਿਸ ਦੁਆਰਾ ਸੜਕ 'ਤੇ ਚੱਲਣ ਵਾਲ਼ਿਆਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ। ਚੁਰਾਹਿਆਂ 'ਤੇ ਲਾਊਡਸਪੀਕਰਾਂ ਦੁਆਰਾ ਜ਼ਰੂਰੀ ਹਿਦਾਇਤਾਂ ਦਿੱਤੀਆਂ ਜਾਂਦੀਆਂ ਹਨ

'ਮੋੜ 'ਤੇ ਹੌਲ਼ੀ ਚਲਾਓ। ਮੁੜਨ ਵੇਲ਼ੇ ਇਸ਼ਾਰੇ ਦਿਓ ਆਦਿ।'

ਸੜਕਾਂ ਨੂੰ ਚੰਗੀ ਹਾਲਤ ਵਿੱਚ ਰੱਖਣਾ, ਸੜਕਾਂ ਉੱਤੇ ਇਸ਼ਾਰਿਆਂ ਵਾਲ਼ੇ ਬੋਰਡ ਲਾਉਣਾ ਸਰਕਾਰ ਦਾ ਕੰਮ ਹੈ। ਇਹਨਾਂ ਬੋਰਡਾਂ ਉੱਤੇ ਅੱਗੇ ਆਉਣ ਵਾਲ਼ੇ ਮੋੜ, ਉਚਾਈ, ਨਿਵਾਣ, ਪੁਲ਼, ਚੌਕ, ਸਕੂਲ ਆਦਿ ਬਾਰੇ ਦੱਸਿਆ ਹੁੰਦਾ ਹੈ। ਅਬਾਦੀ ਦੇ ਨੇੜੇ ਸਪੀਡ ਘੱਟ ਰੱਖਣ ਲਈ ਕਿਹਾ ਜਾਂਦਾ ਹੈ। ਇਹਨਾਂ ਸੰਕੇਤਾਂ ਵਾਲ਼ੇ ਬੋਰਡ ਲਾਉਣ ਦਾ ਤਦ ਹੀ ਲਾਭ ਹੁੰਦਾ ਹੈ ਜੇ ਇਹਨਾਂ ਅਨੁਸਾਰ ਚੱਲਿਆ ਜਾਵੇ।

ਪਿੰਡਾਂ ਅਤੇ ਸ਼ਹਿਰਾਂ ਵਿੱਚ ਅਜਿਹੀਆਂ ਚੰਗੀਆਂ ਆਦਤਾਂ ਵਾਲ਼ੇ ਮਨੁੱਖ ਮਿਲ਼ ਜਾਂਦੇ ਹਨ ਜੋ ਰਾਹ ਵਿੱਚੋਂ ਕੰਡੇ ਤੱਕ ਚੁੱਕ ਕੇ ਪਰ੍ਹਾਂ ਕਰ ਦਿੰਦੇ ਹਨ। ਇਸ ਭਾਵਨਾ ਨਾਲ਼ ਜੇ ਸੜਕਾਂ ਸਾਫ਼ ਰੱਖੀਆਂ ਜਾਣ ਜਾਂ ਗੰਦੀਆਂ ਹੀ ਨਾ ਕੀਤੀਆਂ ਜਾਣ ਅਤੇ ਆਵਾਜਾਈ ਸਮੇਂ ਆਪਣਾ ਅਤੇ ਦੂਜਿਆਂ ਦੇ ਬਚਾਅ ਦਾ ਖ਼ਿਆਲ ਰੱਖਿਆ ਜਾਵੇ ਤਾਂ ਦੁਰਘਟਨਾਵਾਂ ਟਲ਼ ਸਕਦੀਆਂ ਹਨ।

ਇਹ ਜੀਵਨ ਦਾ ਪੰਧ ਸੁੱਖੀਂ-ਸਾਂਦੀਂ ਹੀ ਮੁੱਕਣਾ ਚਾਹੀਦਾ ਹੈ। ਅਜਿਹਾ ਸਾਰਿਆਂ ਦੇ ਸਹਿਯੋਗ ਨਾਲ਼ ਹੀ ਸੰਭਵ ਹੈ।

## ਪਾਠ-ਅਭਿਆਸ

**1. ਦੱਸੋ :**

(ੳ) ਦਿਨੋ-ਦਿਨ ਆਵਾਜਾਈ ਕਿਉਂ ਵਧ ਰਹੀ ਹੈ ?

(ਅ) ਸੜਕੀ ਦੁਰਘਟਨਾਵਾਂ ਹੋਣ ਕੇ ਕਿਹੜੇ ਮੁੱਖ ਕਾਰਨ ਹਨ ?

(ੲ) ਸੜਕੀ ਦੁਰਘਟਨਾਵਾਂ ਦੇ ਕਿਸ ਤਰ੍ਹਾਂ ਦੇ ਭਿਆਨਕ ਨਤੀਜੇ ਨਿਕਲ਼ਦੇ ਹਨ ?

(ਸ) ਸੜਕੀ ਦੁਰਘਟਨਾਵਾਂ ਨੂੰ ਰੋਕਣ ਲਈ ਸਾਨੂੰ ਕੀ ਸਾਵਧਾਨੀ ਵਰਤਣੀ ਚਾਹੀਦੀ ਹੈ ?

**2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

ਆਵਾਜਾਈ, ਭਿਆਨਕ, ਲਾਪਰਵਾਹੀ, ਸਾਵਧਾਨੀ, ਸਹੂਲਤ, ਕੋਸ਼ਸ਼

**3. ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਤਾਂਤਾ | : | ਲਾਮ-ਡੋਰੀ, ਭੀੜ |
| ਠਰ੍ਹੰਮਾ | : | ਹਲੀਮੀ, ਸਹਿਜ |
| ਬੇਚੈਨ | : | ਘਬਰਾਇਆ ਹੋਇਆ, ਫ਼ਿਕਰਮੰਦ, ਚਿੰਤਾਵਾਨ |
| ਸਮਾਚਾਰ | : | ਖ਼ਬਰ, ਖ਼ਬਰਸਾਰ, ਹਾਲ-ਚਾਲ |

| | | |
|---|---|---|
| ਹਾਦਸਾ | : | ਦੁਰਘਟਨਾ, ਵਿਸ਼ੇਸ਼ ਘਟਨਾ |
| ਘਰਾਲ਼ਾਂ | : | ਪਾਣੀ ਵਗਣ ਨਾਲ਼ ਧਰਤੀ ਵਿੱਚ ਡੂੰਘੀ ਹੋਈ ਥਾਂ |
| ਉਪਾਅ | : | ਇਲਾਜ |
| ਹਿਦਾਇਤ | : | ਨਸੀਹਤ, ਰਹਿਨੁਮਾਈ ਵਜੋਂ ਹੁਕਮ |
| ਸਹਿਯੋਗ | : | ਮਿਲਵਰਤਣ |

## ਵਿਆਕਰਨ :

ਹੇਠ ਲਿਖੇ ਵਾਕਾਂ ਵਿੱਚ ਨਾਂਵ ਅਤੇ ਵਿਸ਼ੇਸ਼ਣ ਸ਼ਬਦ ਚੁਣ ਕੇ ਵੱਖ-ਵੱਖ ਕਰਕੇ ਲਿਖੋ :

- ਗੱਡੀਆਂ ਦੀਆਂ ਸਹੂਲਤਾਂ।
- ਤੇਜ਼ ਚੱਲਣ ਵਾਲ਼ੇ ਮਸ਼ੀਨੀ ਸਾਧਨ।
- ਬੇਵਕਤ ਦੀ ਮੌਤ ਮਰਦੇ ਹਨ।
- ਸਵਾਰੀਆਂ ਨਾਲ਼ ਭਰੀ ਬੱਸ।
- ਦੁਰਘਟਨਾਵਾਂ ਦੇ ਖ਼ਤਰੇ ਨੂੰ ਵਧਾਉਣਾ ਹੈ।
- ਛੋਟੇ ਬੱਚੇ ਭੋਲ਼ੇਪਣ ਵਿੱਚ ਸੜਕ 'ਤੇ ਖੇਡਦੇ ਹਨ।
- ਸੜਕਾਂ ਨੂੰ ਚੰਗੀ ਹਾਲਤ ਵਿੱਚ ਰੱਖਣਾ।
- ਚੰਗੀਆਂ ਆਦਤਾਂ ਵਾਲ਼ੇ ਮਨੁੱਖ ਮਿਲ਼ ਜਾਂਦੇ ਹਨ।

ਅਧਿਆਪਕ ਲਈ:

ਸੜਕੀ ਦੁਰਘਟਨਾਵਾਂ ਤੋਂ ਬਚਾਅ ਲਈ ਸਰਕਾਰ ਦੁਆਰਾ ਕਿਹੜੇ-ਕਿਹੜੇ ਉਪਰਾਲੇ ਕੀਤੇ ਜਾ ਰਹੇ ਹਨ। ਵਿਦਿਆਰਥੀਆਂ ਨੂੰ ਉਦਾਹਰਨਾਂ ਦੇ ਕੇ ਸਮਝਾਓ।

ਵਿਦਿਆਰਥੀਆਂ ਨੂੰ ਸੜਕੀ ਦੁਰਘਟਨਾਵਾਂ ਤੋਂ ਬਚਾਅ ਕਰਨ ਲਈ ਸਵੇਰ ਦੀ ਸਭਾ ਜਾਂ ਸੜਕ-ਸੁਰੱਖਿਆ ਸਪਤਾਹ ਦੌਰਾਨ ਜਾਣਕਾਰੀ ਦਿੱਤੀ ਜਾਵੇ।

*****

# ਪਾਠ-19

# ਤਿੰਨ ਸਵਾਲ

ਇੱਕ ਰਾਜਾ ਸੀ ਜਿਸ ਨੂੰ ਆਪਣੇ ਰਾਜ-ਪ੍ਰਬੰਧ ਨੂੰ ਚੰਗਾ ਕਰਨ ਦਾ ਫ਼ਿਕਰ ਰਹਿੰਦਾ ਸੀ। ਇੱਕ ਦਿਨ ਉਸ ਨੇ ਸੋਚਿਆ, "ਜੇ ਮੈਨੂੰ ਮੇਰੇ ਤਿੰਨ ਸਵਾਲਾਂ ਦਾ ਜਵਾਬ ਮਿਲ਼ ਜਾਵੇ ਤਾਂ ਮੈਂ ਰਾਜ-ਪ੍ਰਬੰਧ ਵਿੱਚ ਕਦੀ ਗ਼ਲਤੀ ਨਾ ਕਰਾਂ।" ਉਹ ਸਵਾਲ ਇਹ ਸਨ:

1. ਕੰਮ ਸ਼ੁਰੂ ਕਰਨ ਲਈ ਚੰਗਾ ਸਮਾਂ ਕਿਹੜਾ ਹੈ ?
2. ਵਰਤਾਅ ਲਈ ਚੰਗੇ ਆਦਮੀ ਕਿਹੜੇ ਹਨ ?
3. ਸਭ ਤੋਂ ਜ਼ਰੂਰੀ ਕੰਮ ਕਿਹੜਾ ਹੈ ?

ਰਾਜੇ ਨੇ ਡੌਂਡੀ ਪਿਟਵਾ ਦਿੱਤੀ ਕਿ ਜਿਹੜਾ ਵਿਅਕਤੀ ਉਸ ਨੂੰ ਇਹਨਾਂ ਤਿੰਨਾਂ ਸਵਾਲਾਂ ਦੇ ਉੱਤਰ ਦੇਵੇਗਾ, ਉਹ ਉਸ ਨੂੰ ਧਨ-ਪਦਾਰਥ ਨਾਲ਼ ਮਾਲਾ-ਮਾਲ ਕਰ ਦੇਵੇਗਾ।

ਤਰ੍ਹਾਂ-ਤਰ੍ਹਾਂ ਦੇ ਸਿਆਣੇ ਪੁਰਸ਼ ਡੌਂਡੀ ਸੁਣ ਕੇ ਰਾਜੇ ਪਾਸ ਆਏ ਤੇ ਅੱਡ-ਅੱਡ ਜਵਾਬ ਦੇਣ ਲੱਗੇ।

ਪਹਿਲੇ ਸਵਾਲ ਦੇ ਉੱਤਰ ਵਿੱਚ ਕਿਸੇ ਨੇ ਆਖਿਆ, "ਵੇਲ਼ੇ ਦੀ ਵੰਡ ਅਨੁਸਾਰ ਕੰਮ ਮੌਕੇ-ਸਿਰ ਕਰਨਾ ਚਾਹੀਦਾ ਹੈ।"

ਕਿਸੇ ਨੇ ਆਖਿਆ, "ਹਮੇਸ਼ਾਂ ਰੁੱਝੇ ਰਹਿਣਾ ਚਾਹੀਦਾ ਹੈ, ਆਪੇ ਠੀਕ ਸਮੇਂ ਦਾ ਪਤਾ ਲੱਗ ਜਾਵੇਗਾ।"

ਕਿਸੇ ਆਖਿਆ, "ਸਿਆਣੇ ਆਦਮੀਆਂ ਦੀ ਇੱਕ ਕੌਂਸਲ ਹੋਣੀ ਚਾਹੀਦੀ ਹੈ ਜਿਹੜੀ ਰਾਜੇ ਨੂੰ ਦੱਸੇ ਕਿ ਹੁਣ ਕੰਮ ਕਰਨ ਦਾ ਠੀਕ ਮੌਕਾ ਹੈ।"

ਇਹਨਾਂ ਜਵਾਬਾਂ 'ਤੇ ਕੁਝ ਹੋਰ ਸਿਆਣਿਆਂ ਨੇ ਇਤਰਾਜ਼ ਕੀਤੇ। ਕਿਸੇ ਆਖਿਆ, "ਹਰ ਵਕਤ ਕੌਂਸਲ ਕਿਵੇਂ ਬੁਲਾਈ ਜਾ ਸਕਦੀ ਹੈ ?"

ਕਿਸੇ ਆਖਿਆ, "ਰਾਜੇ ਨੂੰ ਚੰਗੇ-ਚੰਗੇ ਜੋਤਸ਼ੀ ਨੌਕਰ ਰੱਖਣੇ ਚਾਹੀਦੇ ਹਨ ਜਿਹੜੇ ਭਵਿਖ ਦੀਆਂ ਗੱਲਾਂ ਦੱਸ ਦੇਣ ਤੇ ਰਾਜਾ ਹਰ ਇੱਕ ਗੱਲ ਲਈ ਪਹਿਲੋਂ ਤਿਆਰ ਰਿਹਾ ਕਰੇ।" ਬਾਕੀ ਸਵਾਲਾਂ ਦੇ ਜਵਾਬ ਵੀ ਇਸੇ ਤਰ੍ਹਾਂ ਬਣ-ਬਣ ਦੀ ਲੱਕੜੀ ਵਾਂਗ ਆਏ। ਕਿਸੇ ਆਖਿਆ, "ਵਰਤਾਅ ਲਈ ਚੰਗੇ ਆਦਮੀ ਵਜ਼ੀਰ ਹੋਣ।" ਕਿਸੇ ਆਖਿਆ, "ਨਹੀਂ, ਫ਼ੌਜ ਅਤੇ ਜਰਨੈਲ਼ਾਂ ਨਾਲ਼ ਮਸ਼ਵਰਾ ਕਰਨਾ ਚਾਹੀਦਾ ਹੈ।" ਸਭ ਤੋਂ ਜ਼ਰੂਰੀ ਕੰਮ ਕਿਸੇ ਨੇ ਸਾਇੰਸ ਦੱਸਿਆ, ਕਿਸੇ ਨੇ ਸੂਖਮ ਕਲਾ, ਕਿਸੇ ਨੇ ਯੁੱਧ ਅਤੇ ਕਿਸੇ ਨੇ ਭਗਤੀ। ਜਵਾਬ ਅਜਿਹੇ ਭਾਂਤ-ਭਾਂਤ ਦੇ ਸਨ ਕਿ ਰਾਜੇ ਦੀ ਕਿਸੇ ਨਾਲ਼ ਵੀ ਤਸੱਲੀ ਨਾ ਹੋਈ ਤੇ ਉਸ ਨੇ ਠੀਕ ਜਵਾਬ ਦੇਣ ਲਈ ਇਨਾਮ ਕਿਸੇ ਨੂੰ ਵੀ ਨਾ ਦਿੱਤਾ।

ਏਨੇ ਨੂੰ ਪਤਾ ਲੱਗਾ ਕਿ ਜੰਗਲ਼ ਵਿੱਚ ਇੱਕ ਸਿਆਣਾ ਤਪੀਸ਼ਰ ਰਹਿੰਦਾ ਹੈ। ਰਾਜੇ ਨੇ ਆਖਿਆ, "ਚੱਲੋ, ਉਸ ਤੋਂ ਉੱਤਰ ਪੁੱਛੀਏ।"

ਤਪੀਸ਼ਰ ਆਪਣੀ ਕੁਟੀਆ ਛੱਡ ਕੇ ਬਾਹਰ ਨਹੀਂ ਜਾਂਦਾ ਸੀ ਅਤੇ ਨਾ ਹੀ ਉਹ ਆਮ ਆਦਮੀਆਂ ਤੋਂ ਬਿਨਾਂ ਕਿਸੇ ਨਾਲ਼ ਗੱਲ-ਬਾਤ ਕਰਦਾ ਸੀ। ਇਸ ਵਾਸਤੇ ਰਾਜੇ ਨੇ ਭੇਸ ਬਦਲਿਆ, ਮਮੂਲੀ ਲੋਕਾਂ ਵਾਲ਼ੇ ਕੱਪੜੇ ਪਾਏ, ਆਪਣੇ ਸੇਵਾਦਾਰ ਜੰਗਲ਼ ਦੇ ਬਾਹਰ ਛੱਡ ਕੇ ਆਪ ਕੁਟੀਆ ਵੱਲ ਇਕੱਲਾ ਚਲਾ ਗਿਆ। ਜਦ ਰਾਜਾ ਆਇਆ ਤਾਂ ਤਪੀਸ਼ਰ ਆਪਣੀ ਕੁਟੀਆ ਦੇ ਸਾਮ੍ਹਣੇ ਇੱਕ ਕਿਆਰੀ ਪੁੱਟ ਰਿਹਾ ਸੀ। ਰਾਜੇ ਨੂੰ ਅਸ਼ੀਰਵਾਦ ਦੇ ਕੇ ਉਹ ਆਪਣੇ ਕੰਮ ਵਿੱਚ ਹੀ ਰੁੱਝਾ ਰਿਹਾ। ਤਪੀਸ਼ਰ ਦਾ ਸਰੀਰ ਬਿਰਧ ਤੇ ਨਿਰਾ ਕਰੰਗ ਹੋਇਆ-ਹੋਇਆ ਸੀ। ਕਹੀ ਮਰਦਿਆਂ ਤੇ ਮਿੱਟੀ ਪੁੱਟਦਿਆਂ ਉਸ ਨੂੰ ਸਾਹ ਚੜ੍ਹ ਗਿਆ। ਰਾਜੇ ਨੇ ਕੋਲ਼ ਜਾ ਕੇ ਆਖਿਆ, "ਤਪੀਸ਼ਰ ਜੀ ! ਮੈਂ ਤਿੰਨ ਸਵਾਲ ਪੁੱਛਣ ਆਇਆ ਹਾਂ:

1. ਕੰਮ ਸ਼ੁਰੂ ਕਰਨ ਲਈ ਚੰਗਾ ਸਮਾਂ ਕਿਹੜਾ ਹੈ ?

2. ਵਰਤਾਅ ਲਈ ਚੰਗੇ ਆਦਮੀ ਕਿਹੜੇ ਹਨ

3. ਸਭ ਤੋਂ ਜ਼ਰੂਰੀ ਕੰਮ ਕਿਹੜਾ ਹੈ ?

ਤਪੀਸ਼ਰ ਨੇ ਸਵਾਲ ਸੁਣ ਕੇ ਕੋਈ ਜਵਾਬ ਨਾ ਦਿੱਤਾ। ਆਪਣੇ ਹੱਥਾਂ 'ਤੇ ਥੁੱਕ ਲਾ ਕੇ ਉਸ ਨੇ ਫੇਰ ਕਹੀ ਫੜ ਲਈ ਅਤੇ ਥਾਂ ਨੂੰ ਪੁੱਟਣਾ ਸ਼ੁਰੂ ਕਰ ਦਿੱਤਾ। ਰਾਜੇ ਨੇ ਆਖਿਆ, "ਤਪੀਸ਼ਰ ਜੀ ! ਤੁਸੀਂ ਥੱਕ ਗਏ ਹੋਵੋਗੇ। ਕਹੀ ਮੈਨੂੰ ਦਿਓ, ਮੈਂ ਕਿਆਰੀ ਪੁੱਟ ਦਿੰਦਾ ਹਾਂ।

ਤਪੀਸ਼ਰ ਨੇ ਮਿਹਰਬਾਨੀ ਆਖ ਕੇ ਕਹੀ ਫੜਾ ਦਿੱਤੀ ਤੇ ਜ਼ਮੀਨ 'ਤੇ ਬੈਠ ਗਿਆ। ਰਾਜੇ ਨੇ ਕੁਝ ਚਿਰ ਕੰਮ ਕਰ ਕੇ ਫੇਰ ਉਹੀ ਸਵਾਲ ਪੁੱਛੇ ਪਰ ਤਪੀਸ਼ਰ ਉਵੇਂ ਦਾ ਉਵੇਂ ਚੁੱਪ ਰਿਹਾ ਤੇ ਉਸ ਕੋਲ਼ੋਂ ਕਹੀ ਫੜ ਕੇ ਆਖਿਆ, "ਤੁਸੀਂ ਥੱਕ ਗਏ ਹੋ, ਲਿਆਓ ਹੁਣ ਮੈਂ ਕੰਮ ਕਰਾਂ।"

ਰਾਜੇ ਨੇ ਕਹੀ ਹੱਥੋਂ ਨਾ ਛੱਡੀ ਅਤੇ ਕਿਆਰੀ ਪੁੱਟਦਾ ਰਿਹਾ। ਦੋ ਘੰਟੇ ਲੰਘ ਗਏ, ਸੂਰਜ ਛਿਪਣ ਲੱਗਾ ਅਤੇ ਰਾਜੇ ਨੇ ਕਹੀ ਰੱਖ ਕੇ ਫੇਰ ਪੁੱਛਿਆ, "ਤਪੀਸ਼ਰ ਜੀ, ਮੈਂ ਤੁਹਾਡੇ ਪਾਸ ਆਪਣੇ ਪ੍ਰਸ਼ਨਾਂ ਦੇ ਉੱਤਰ ਲੈਣ ਆਇਆ ਹਾਂ ਜੇ ਤੁਸੀਂ ਜਵਾਬ ਨਹੀਂ ਦੇਣਾ ਤਾਂ ਦੱਸੋ, ਮੈਂ ਘਰ ਮੁੜ ਜਾਵਾਂ।"

ਤਪੀਸ਼ਰ ਬੋਲਿਆ, "ਅਹੁ ਵੇਖੋ ਕੋਈ ਆਦਮੀ ਦੌੜਿਆ ਆਉਂਦੈ, ਵੇਖੀਏ ਇਸ ਵਿਚਾਰੇ 'ਤੇ ਕੀ ਬਿਪਤਾ ਪਈ ਹੈ ?"

ਰਾਜੇ ਨੇ ਮੁੜ ਕੇ ਵੇਖਿਆ, ਜੰਗਲ਼ ਵਿੱਚੋਂ ਇੱਕ ਗੱਭਰੂ ਦੌੜਦਾ ਆ ਰਿਹਾ ਸੀ। ਉਸ ਦੇ ਹੱਥ ਆਪਣੀ ਇੱਕ ਵੱਖੀ 'ਤੇ ਸਨ ਤੇ ਉੱਥੋਂ ਲਹੂ ਨਿਕਲ਼ ਰਿਹਾ ਸੀ। ਉਹ ਤਪੀਸ਼ਰ ਅਤੇ ਰਾਜੇ ਦੇ ਨੇੜੇ ਆ ਕੇ ਨਿਢਾਲ ਹੋ ਕੇ ਢਹਿ ਪਿਆ। ਰਾਜੇ ਨੇ ਵੇਖਿਆ ਕਿ ਉਸ ਦੀ ਵੱਖੀ ਵਿੱਚ ਵੱਡਾ ਜ਼ਖ਼ਮ ਹੈ। ਰਾਜੇ ਨੇ ਫ਼ੌਰਨ ਉਸ ਨੂੰ ਧੋ ਕੇ ਆਪਣੇ ਰੁਮਾਲ ਤੇ ਤਪੀਸ਼ਰ ਦੇ ਤੌਲੀਏ ਨਾਲ਼ ਬੰਨ੍ਹਿਆ ਪਰ ਲਹੂ ਵਗਣੋਂ ਬੰਦ ਨਾ ਹੋਇਆ। ਰਾਜਾ ਮੁੜ-ਮੁੜ ਲਹੂ-ਲਿਬੜਿਆ ਰੁਮਾਲ ਲਾਹੇ ਅਤੇ ਉਸ ਨੂੰ ਧੋ ਕੇ ਜ਼ਖ਼ਮ ਉੱਤੇ ਬੰਨ੍ਹ ਦੇਵੇ ਅਖੀਰ ਤਪੀਸ਼ਰ ਨੇ ਕੋਈ ਮਲ੍ਹਮ ਲਾਈ ਅਤੇ ਲਹੂ ਵਗਣਾ ਬੰਦ ਹੋ ਗਿਆ। ਉਸ ਆਦਮੀ ਨੇ ਅੱਖਾਂ ਖੋਲ੍ਹੀਆਂ ਅਤੇ ਪੀਣ ਨੂੰ ਪਾਣੀ ਮੰਗਿਆ। ਰਾਜਾ ਦੌੜ ਕੇ ਘੜੇ ਵਿੱਚੋਂ ਪਾਣੀ ਲੈ ਕੇ ਆਇਆ ਤੇ ਉਸ ਦੇ ਮੂੰਹ ਵਿੱਚ ਪਾਇਆ।

ਏਨੇ ਨੂੰ ਸੂਰਜ ਪੂਰੀ ਤਰ੍ਹਾਂ ਲਹਿ ਗਿਆ ਅਤੇ ਨਾਲ਼ ਠੰਢ ਵੀ ਪੈਣ ਲੱਗੀ। ਰਾਜੇ ਅਤੇ ਤਪੀਸ਼ਰ ਨੇ ਉਸ ਜ਼ਖ਼ਮੀ ਆਦਮੀ ਨੂੰ ਚੁੱਕ ਕੇ ਕੁਟੀਆ ਵਿੱਚ ਲਿਟਾਇਆ। ਅੰਦਰ ਲੇਟ ਕੇ ਉਸ ਆਦਮੀ ਦੀ ਛੇਤੀ ਹੀ ਅੱਖ ਲੱਗ ਗਈ। ਰਾਜਾ ਵੀ ਦਿਨ ਭਰ ਦਾ ਥੱਕਿਆ ਹੋਇਆ ਸੀ, ਉਹਨੂੰ ਵੀ ਫ਼ਰਸ਼ 'ਤੇ ਬੈਠਿਆਂ ਨੀਂਦਰ ਨੇ ਘੇਰ ਲਿਆ ਤੇ ਉਹ ਉੱਥੇ ਹੀ ਸੌਂ ਗਿਆ। ਇਸ ਤਰ੍ਹਾਂ ਸੁੱਤਿਆਂ ਰਾਤ ਲੰਘ ਗਈ। ਸਵੇਰੇ ਜਦ ਉਹ ਜਾਗਿਆ ਤਾਂ ਸੋਚਣ ਲੱਗਾ, "ਮੈ ਏਥੇ ਕਿਵੇਂ ਆ ਗਿਆ ?" ਜਦ ਉਸ ਗੱਭਰੂ ਨੇ ਅੱਖ ਖੋਲ੍ਹੀ ਤਾਂ ਰਾਜੇ ਨੂੰ ਆਪਣੇ ਵੱਲ ਤੱਕਦਾ ਵੇਖ ਕੇ ਉਸ ਨੂੰ ਹੱਥ ਜੋੜ ਕੇ ਆਖਿਆ, "ਮੈਨੂੰ ਮਾਫ਼ ਕਰ ਦਿਓ, ਹਜ਼ੂਰ!" ਰਾਜਾ ਉਸ ਦੀ ਗੱਲ ਸੁਣ ਕੇ ਬੜਾ ਹੈਰਾਨ ਹੋਇਆ ਤੇ ਬੋਲਿਆ, "ਮੈਂ ਤਾਂ ਤੈਨੂੰ ਜਾਣਦਾ ਹੀ ਨਹੀਂ, ਫਿਰ ਮਾਫ਼ੀ ਕਿਸ ਗੱਲ ਦੀ ?"

ਗੱਭਰੂ ਨੇ ਦੱਸਿਆ, "ਤੁਸੀਂ ਮੈਨੂੰ ਨਹੀਂ ਜਾਣਦੇ, ਹਜ਼ੂਰ! ਪਰ ਮੈ ਤਾਂ ਕਿੰਨੇ ਚਿਰਾਂ ਤੋਂ ਸਹੁੰ ਖਾਧੀ ਹੋਈ ਸੀ ਕਿ ਮੈਂ ਤੁਹਾਨੂੰ ਕਤਲ ਕਰਾਂਗਾ। ਤੁਸਾਂ ਮੇਰੇ ਭਰਾ ਨੂੰ ਫਾਂਸੀ 'ਤੇ ਲਟਕਾ ਕੇ ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਸੀ। ਮੈਨੂੰ ਪਤਾ ਸੀ ਕਿ ਤੁਸੀਂ ਅੱਜ ਜੰਗਲ਼ ਵਿੱਚ ਇਕੱਲੇ ਆਏ ਹੋ। ਮੇਰਾ ਇਰਾਦਾ ਤੁਹਾਨੂੰ ਵਾਪਸੀ 'ਤੇ ਮਾਰ ਦੇਣ ਦਾ ਸੀ ਪਰ ਤੁਸੀਂ ਤਾਂ ਹਨੇਰਾ ਪੈਣ ਤੱਕ ਵੀ ਮੁੜੇ ਹੀ ਨਾ। ਇਸ ਪਿੱਛੋਂ ਮੈਂ ਜੰਗਲ਼ ਵਿੱਚ ਤੁਹਾਨੂੰ ਲੱਭਣ ਚੱਲ ਪਿਆ ਪਰ ਅਚਾਨਕ ਤੁਹਾਡੇ ਸਿਪਾਹੀ ਮੈਨੂੰ ਟੱਕਰ ਗਏ। ਉਹਨਾਂ ਨੇ ਮੈਨੂੰ ਪਛਾਣ ਲਿਆ ਤੇ ਜ਼ਖ਼ਮੀ ਕਰ ਦਿੱਤਾ। ਉੱਥੋਂ ਜਾਨ ਬਚਾਉਂਦਾ ਭੱਜ ਕੇ ਮੈਂ ਇੱਥੇ ਪੁੱਜ ਗਿਆ ਤੇ ਏਥੇ ਤੁਸੀਂ ਮੇਰੀ ਮਲ੍ਹਮ-ਪੱਟੀ ਕਰ ਕੇ ਜਾਨ ਬਚਾਈ। ਮੈਂ ਤੁਹਾਨੂੰ ਮਾਰਨ ਲਈ ਆਇਆ ਸੀ ਪਰ ਤੁਸੀਂ ਮੇਰੀ ਰੱਖਿਆ ਕੀਤੀ। ਜੇ ਮੈਂ ਜਿਊਂਦਾ ਰਿਹਾ ਤਾਂ ਤੁਹਾਡਾ ਚਰਨ-ਸੇਵਕ ਬਣ ਕੇ ਰਹਾਂਗਾ। ਮੈਨੂੰ ਖਿਮਾ ਕਰੋ।"

ਰਾਜਾ ਆਪਣੀ ਜਾਨ ਦੇ ਵੈਰੀ ਤੇ ਭਾਈ ਦੇ ਕਾਤਲ ਦੀ ਸੱਚੀ-ਸੁੱਚੀ ਗੱਲ ਸੁਣ ਕੇ ਬਹੁਤ ਪ੍ਰਸੰਨ ਹੋਇਆ ਅਤੇ ਨਾ ਕੇਵਲ ਉਸ ਨੂੰ ਮਾਫ਼ ਹੀ ਕਰ ਦਿੱਤਾ ਸਗੋਂ ਕਹਿਣ ਲੱਗਾ, "ਆਪਣੇ ਨੌਕਰ ਭੇਜ ਕੇ ਸ਼ਾਹੀ ਹਕੀਮ ਬੁਲਾਵਾਂਗਾ ਅਤੇ ਫੇਰ ਉਹ ਤੇਰੇ ਜ਼ਖ਼ਮਾਂ ਦਾ ਚੰਗੀ ਤਰ੍ਹਾਂ ਇਲਾਜ ਕਰੇਗਾ। ਤੇਰੇ ਭਰਾ ਦੀ ਜਾਇਦਾਦ ਵੀ ਤੈਨੂੰ ਮਿਲ਼ ਜਾਵੇਗੀ।"

ਜ਼ਖ਼ਮੀ ਗੱਭਰੂ ਤੋਂ ਵਿਹਲਿਆਂ ਹੋ ਕੇ ਰਾਜਾ ਬਾਹਰ ਆਇਆ। ਤਪੀਸ਼ਰ ਕੱਲ੍ਹ ਵਾਲ਼ੀ ਕਿਆਰੀ ਵਿੱਚ ਬੀ ਬੀਜ ਰਿਹਾ ਸੀ। ਰਾਜੇ ਨੇ ਨੇੜੇ ਹੋ ਕੇ ਪ੍ਰਨਾਮ ਕੀਤਾ ਤੇ ਆਖਿਆ, "ਮਹਾਰਾਜ, ਮੇਰੀ ਅਖੀਰੀ ਬੇਨਤੀ ਹੈ ਕਿ ਮੇਰੇ ਸਵਾਲਾਂ ਦਾ ਉੱਤਰ ਦਿਓ।"

ਤਪੀਸ਼ਰ ਨਿੱਠ ਕੇ ਬੈਠ ਗਿਆ, "ਰਾਜਨ! ਤੇਰੇ ਤਿੰਨਾਂ ਸਵਾਲਾਂ ਦਾ ਤੈਨੂੰ ਜਵਾਬ ਮਿਲ਼ ਚੁੱਕਾ ਹੈ।"

ਰਾਜਾ ਬੋਲਿਆ, "ਮੈਨੂੰ ਕਿਸ ਤਰ੍ਹਾਂ ਮਿਲ਼ ਚੁੱਕਾ ਹੈ, ਤੁਸੀਂ ਤਾਂ ਅਜੇ ਤੱਕ ਮੂੰਹੋਂ ਬੋਲੇ ਤੱਕ ਨਹੀਂ?"

ਤਪੀਸ਼ਰ ਨੇ ਕਿਹਾ, "ਰਾਜਨ! ਵੇਖ, ਜੇ ਤੂੰ ਮੇਰੇ ਉੱਤੇ ਦਇਆ ਕਰ ਕੇ ਕਿਆਰੀ ਨਾ ਪੁੱਟਦਾ ਅਤੇ ਛੇਤੀ ਵਾਪਸ ਮੁੜ ਜਾਂਦਾ ਤਾਂ ਇਹ ਆਦਮੀ ਤੇਰੇ ਉੱਤੇ ਹਮਲਾ ਕਰ ਕੇ ਤੈਨੂੰ ਕਤਲ ਕਰ ਦਿੰਦਾ। ਸੋ, ਸਭ ਤੋਂ ਚੰਗਾ ਸਮਾਂ ਉਹ ਸੀ ਜਦ ਤੂੰ ਕਿਆਰੀ ਪੁੱਟਦਾ ਸੀ। ਮੈਂ ਉਸ ਵੇਲ਼ੇ ਦੇ ਵਰਤਾਅ ਲਈ ਤੇਰੇ ਲਈ ਚੰਗਾ ਪੁਰਸ਼ ਸਾਂ ਅਤੇ ਮੇਰੇ ਨਾਲ਼ ਨੇਕੀ ਕਰਨਾ ਤੇ ਮੇਰੀ ਮਦਦ ਕਰਨਾ ਤੇਰਾ ਸਭ ਤੋਂ ਜ਼ਰੂਰੀ ਕੰਮ ਸੀ, ਫਿਰ ਉਸ ਤੋਂ ਪਿੱਛੋਂ ਜਦ ਇਹ ਗੱਭਰੂ ਦੌੜਦਾ ਆਇਆ ਤਾਂ ਸਭ ਤੋਂ ਚੰਗਾ ਸਮਾਂ ਉਹ ਸੀ ਜਦੋਂ ਤੂੰ ਉਸ ਦੀ ਪੱਟੀ ਕੀਤੀ। ਜੇ ਤੂੰ ਇਉਂ ਨਾ ਕਰਦਾ ਤਾਂ ਇਹ ਆਦਮੀ ਮਰ ਜਾਂਦਾ। ਉਸ ਵੇਲ਼ੇ ਵਰਤਾਅ ਲਈ ਓਹੀ ਜ਼ਰੂਰੀ ਆਦਮੀ ਸੀ ਅਤੇ ਜੋ ਭਲਾ ਤੂੰ ਉਸ ਨਾਲ਼ ਕੀਤਾ, ਉਹ ਹੀ ਜ਼ਰੂਰੀ ਕੰਮ ਸੀ।" ਕੁਝ ਕੁ ਰੁਕ ਕੇ ਤਪੀਸ਼ਰ ਫਿਰ ਕਹਿਣ ਲੱਗਾ:

"ਯਾਦ ਰੱਖੋ, ਸਭ ਤੋਂ ਜ਼ਰੂਰੀ ਤੇ ਚੰਗਾ ਸਮਾਂ ਵਰਤਮਾਨ ਦਾ ਹੈ। ਇਸ ਵੇਲ਼ੇ ਜੋ ਨੇਕੀ ਹੋ ਸਕੇ, ਕਰ ਲਓ। ਇਹ ਵੇਲ਼ਾ ਸਾਡੇ ਹੱਥ ਵਿੱਚ ਹੈ, ਇਹੋ ਜ਼ਰੂਰੀ ਵੇਲ਼ਾ ਹੈ। ਵਰਤਾਅ ਲਈ ਉਹੋ ਹੀ ਚੰਗਾ ਆਦਮੀ ਹੁੰਦਾ ਹੈ ਜਿਹੜਾ ਉਸ ਘੜੀ ਸਾਡੇ ਕੋਲ਼ ਹੋਵੇ, ਪਤਾ ਨਹੀਂ ਹੋਰ ਕਿਸੇ ਵੇਲ਼ੇ ਕਿਸੇ ਨਾਲ਼ ਅਸਾਡਾ ਵਾਹ ਹੀ ਨਾ ਪਏ ਤੇ ਬੰਦਾ ਇਸ ਜਹਾਨ ਤੋਂ ਕੂਚ ਕਰ ਜਾਵੇ।"

"ਤੇ ਅਸਲ ਵਿੱਚ ਕੰਮਾਂ ਵਿੱਚੋਂ ਸਭ ਤੋਂ ਅਹਿਮ, ਉੱਚਾ ਤੇ ਜ਼ਰੂਰੀ ਕੰਮ ਇਹੋ ਹੈ ਕਿ ਹਰ ਕਿਸੇ ਆਦਮੀ ਦਾ ਭਲਾ ਕੀਤਾ ਜਾਵੇ ਕਿਉਂਕਿ ਮਨੁੱਖ ਦੇ ਦੁਨੀਆ ਵਿਚ ਆਉਣ ਦਾ ਮੰਤਵ ਇਹ ਇੱਕੋ ਹੀ ਹੈ।"

ਤਪੀਸ਼ਰ ਵੱਲੋਂ ਦਿੱਤੇ ਸਵਾਲਾਂ ਦੇ ਸਹੀ ਜਵਾਬਾਂ ਨਾਲ਼ ਰਾਜੇ ਦੀ ਤਸੱਲੀ ਹੋ ਗਈ। ਉਹ ਤਪੀਸ਼ਰ ਦਾ ਧੰਨਵਾਦ ਕਰਦਾ ਹੋਇਆ ਖ਼ੁਸ਼ੀ-ਖ਼ੁਸ਼ੀ ਵਾਪਸ ਪਰਤ ਗਿਆ।

## ਪਾਠ-ਅਭਿਆਸ

1. ਦੱਸੋ :

(ੳ) ਰਾਜੇ ਨੇ ਤਿੰਨ ਸਵਾਲ ਕਿਉਂ ਪੁੱਛੇ ਸਨ?

(ਅ) ਤਿੰਨ ਸਵਾਲ ਕਿਹੜੇ-ਕਿਹੜੇ ਸਨ?

(ੲ) ਜਦੋਂ ਰਾਜੇ ਦੀ ਤਿੰਨ ਸਵਾਲਾਂ ਦੇ ਉੱਤਰਾਂ ਨਾਲ਼ ਤਸੱਲੀ ਨਾ ਹੋਈ ਤਾਂ ਰਾਜੇ ਨੇ ਕੀ ਕੀਤਾ?

(ਸ) ਰਾਜੇ ਨੇ ਤਪੀਸ਼ਰ ਪਾਸ ਜਾ ਕੇ ਕੀ ਕੀਤਾ?

(ਹ) ਤਪੀਸ਼ਰ ਨੇ ਰਾਜੇ ਨੂੰ ਉਸ ਦੀਆਂ ਪੁੱਛਾਂ ਦਾ ਉੱਤਰ ਕਿਵੇਂ ਦਿੱਤਾ?

2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਡੌਂਡੀ ਪਿਟਾਉਣੀ, ਮਾਲਾ-ਮਾਲ ਕਰਨਾ, ਬਣ-ਬਣ ਦੀ ਲੱਕੜੀ, ਤਪੀਸ਼ਰ, ਚਰਨ-ਸੇਵਕ

### 3. ਔਖੇ ਸ਼ਬਦਾਂ ਦੇ ਅਰਥ:

| | | |
|---|---|---|
| ਇਤਰਾਜ਼ | : | ਸ਼ੰਕਾ, ਵਿਰੋਧ |
| ਮਸ਼ਵਰਾ | : | ਰਾਏ, ਸਲਾਹ |
| ਤਪੀਸ਼ਰ | : | ਤਪ ਕਰਨ ਵਾਲ਼ਾ |
| ਕੁਟੀਆ | : | ਸਾਧੂਆਂ ਦੀ ਝੁੱਗੀ ਜਾਂ ਝੌਂਪੜੀ |
| ਬਿਰਧ | : | ਵਡੇਰੀ ਉਮਰ ਦਾ ਆਦਮੀ, ਬਜ਼ੁਰਗ |
| ਨਿਢਾਲ | : | ਨਿਸੱਤਾ |
| ਵਰਤਾਅ | : | ਵਿਹਾਰ, ਵਤੀਰਾ |

## ਵਿਆਕਰਨ :

ਜਿਹੜਾ ਸ਼ਬਦ ਵਾਕ ਵਿੱਚ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਸ਼ਬਦ ਦਾ ਵਾਕ ਦੇ ਦੂਜੇ ਸ਼ਬਦਾਂ ਨਾਲ਼ ਸੰਬੰਧ ਪ੍ਰਗਟ ਕਰਦਾ ਹੈ, ਉਸ ਨੂੰ ਸੰਬੰਧਕ ਕਹਿੰਦੇ ਹਨ, ਜਿਵੇਂ : ਦਾ, ਨੇ, ਲਈ, ਤੋਂ, ਨੂੰ, ਵਿੱਚ ਆਦਿ।

ਹੋ ! ਅਜੇ ਸੰਭਾਲ਼ ਇਸ 'ਸਮੇਂ' ਨੂੰ ਕਰ ਸਫਲ ਉਡੰਦਾ ਜਾਂਵਦਾ
ਇਹ ਠਹਿਰਨ ਜਾਚ ਨਾ ਜਾਣਦਾ, ਲੰਘ ਗਿਆ ਨਾ ਮੁੜ ਕੇ ਆਂਵਦਾ।

*****

## ਪਾਠ-20

# ਧਰਤੀ ਦਾ ਗੀਤ

ਧਰਤੀ ਤੇਰੀ ਜੈ-ਜੈਕਾਰ
ਤੇਰੇ ਤੋਂ ਜਾਈਏ ਬਲਿਹਾਰ।

ਸੂਰਜ ਕਿਰਨਾਂ ਦੇ ਸੰਗ ਤੇਰੇ
ਮੁੱਖੜੇ ਨੂੰ ਰੁਸ਼ਨਾਵੇ।
ਬੱਦਲ਼ਾਂ ਵਿੱਚੋਂ ਛਮ-ਛਮ ਵਰਖਾ
ਤੈਨੂੰ ਆਣ ਨੁਹਾਵੇ।
ਰੰਗ-ਬਰੰਗੇ ਲੱਖਾਂ ਹੀ ਫੁੱਲ
ਤੈਨੂੰ ਦੇਣ ਸ਼ਿੰਗਾਰ।

ਉੱਚੇ ਪਰਬਤ ਬਰਫ਼ਾਂ ਕੱਜੇ
ਤੇਰੀ ਸ਼ਾਨ ਵਧਾਉਂਦੇ।
ਰੁੱਖ-ਬੂਟੇ ਸਭ ਤੇਰਾ ਚਿਹਰਾ
ਰਹਿੰਦੇ ਨਿੱਤ ਸਜਾਉਂਦੇ।
ਰਾਤੀਂ ਚੰਨ ਦੀਆਂ ਰਿਸ਼ਮਾਂ ਤੇਰਾ
ਦੇਵਣ ਰੂਪ ਸ਼ਿੰਗਾਰ।

ਦਰਿਆਵਾਂ ਦਾ ਕਲ-ਕਲ ਕਰਦਾ
ਪਾਣੀ ਗੀਤ ਸੁਣਾਵੇ।
ਵਾਦੀਆਂ ਵਿੱਚੋਂ ਪੌਣ ਰੁਮਕਦੀ
ਦਿਲ ਸਾਡਾ ਬਹਿਲਾਵੇ।
ਪੂਰੇ ਬ੍ਰਹਿਮੰਡ ਦੇ ਵਿੱਚ ਤੇਰੀ
ਮਹਿਮਾ ਅਪਰ-ਅਪਾਰ।

ਤੇਰੇ ਸੀਨੇ ਵਿੱਚ ਨੇ ਪਈਆਂ
ਸੋਨਾ, ਚਾਂਦੀ ਧਾਤਾਂ।
ਤੇਰੀ ਕੁੱਖ ਦੇ ਵਿੱਚੋਂ ਸਾਨੂੰ
ਮਿਲ਼ਦੀਆਂ ਕਈ ਸੁਗਾਤਾਂ।

ਖ਼ਲਕਤ ਖ਼ਾਤਰ ਧਰਤੀ ਮਾਂ ਤੂੰ
ਸੁੱਖਾਂ ਦਾ ਭੰਡਾਰ।

ਅੱਡ-ਅੱਡ ਥਾਂਵਾਂ ਉੱਤੇ ਵੱਖਰਾ
ਪੌਣ ਤੇ ਪਾਣੀ ਤੇਰਾ।
ਵੰਨ-ਸੁਵੰਨੇ ਲੱਖਾਂ ਜੀਵਾਂ
ਲਾਇਆ ਏਥੇ ਡੇਰਾ।
ਸਾਰੇ ਜੀਵ-ਪ੍ਰਾਣੀ ਰੱਜ-ਰੱਜ
ਤੈਨੂੰ ਕਰਨ ਪਿਆਰ।

ਧਰਤੀ ਤੇਰੀ ਜੈ-ਜੈਕਾਰ
ਤੇਰੇ ਤੋਂ ਜਾਈਏ ਬਲਿਹਾਰ।

## ਪਾਠ-ਅਭਿਆਸ

1. ਦੱਸੋ :

(ੳ) ਸੂਰਜ ਧਰਤੀ ਦਾ ਮੁਖੜਾ ਕਿਵੇਂ ਰੁਸ਼ਨਾਉਂਦਾ ਹੈ?

(ਅ) ਚੰਨ ਦੀ ਚਾਨਣੀ ਪੈਣ ਨਾਲ਼ ਧਰਤੀ ਕਿਸ ਤਰ੍ਹਾਂ ਲੱਗਦੀ ਹੈ?

(ੲ) ਧਰਤੀ ਦੀ ਸ਼ਾਨ ਵਿੱਚ ਕਿਹੜੀਆਂ-ਕਿਹੜੀਆਂ ਚੀਜ਼ਾਂ ਵਾਧਾ ਕਰਦੀਆਂ ਹਨ?

(ਸ) ਧਰਤੀ ਦੀ ਕੁੱਖ ਵਿੱਚੋਂ ਕੀ-ਕੀ ਮਿਲ਼ਦਾ ਹੈ?

2. ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ :

(ੳ) ਸੂਰਜ ਕਿਰਨਾਂ ਦੇ ਸੰਗ ਤੇਰੇ
..............................।

(ਅ) ਉੱਚੇ ਪਰਬਤ ਬਰਫ਼ਾਂ ਕੱਜੇ
..............................।

(ੲ) ਦਰਿਆਵਾਂ ਦਾ ਕਲ-ਕਲ ਕਰਦਾ
..............................।

3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਬਲਿਹਾਰ | : | ਕੁਰਬਾਨ, ਸਦਕੇ |
| ਪਰਬਤ | : | ਪਹਾੜ |
| ਰਿਸ਼ਮਾਂ | : | ਕਿਰਨਾਂ |
| ਬ੍ਰਹਿਮੰਡ | : | ਸਾਰੀ ਦੁਨੀਆ, ਆਲਮ |

| | | |
|---|---|---|
| ਮਹਿਮਾ | : | ਸੋਭਾ, ਉਸਤਤ, ਵਡਿਆਈ |
| ਖ਼ਲਕਤ | : | ਦੁਨੀਆ, ਸੰਸਾਰ ਦੇ ਲੋਕ |
| ਭੰਡਾਰ | : | ਖ਼ਜ਼ਾਨਾ, ਸੰਗ੍ਰਹਿ |
| ਕਲ-ਕਲ | : | ਸ਼ੋਰ, ਰੌਲਾ |
| ਅਪਰ-ਅਪਾਰ | : | ਅਪਾਰ, ਜਿਸ ਦੀ ਕੋਈ ਹੱਦ ਨਹੀਂ |

## ਵਿਆਕਰਨ :

ਹੇਠਾਂ ਦਿੱਤੇ ਸ਼ਬਦਾਂ ਵਿੱਚੋਂ ਵਿਸ਼ੇਸ਼ਣ ਸ਼ਬਦਾਂ ਅਤੇ ਕਿਰਿਆ ਸ਼ਬਦਾਂ ਨੂੰ ਵੱਖ ਵੱਖ ਕਰਕੇ ਲਿਖੋ :

ਜੈ-ਜੈਕਾਰ, ਰੁਸ਼ਨਾਵੇ, ਛਮ-ਛਮ, ਦੇਣ ਸ਼ਿੰਗਾਰ, ਵਧਾਉਂਦੇ, ਸਜਾਉਂਦੇ, ਕਲ-ਕਲ, ਰੁਮਕਦੀ, ਬਹਿਲਾਵੇ, ਮਹਿਮਾ, ਮਿਲ਼ਦੀਆਂ, ਸੁੱਖਾਂ, ਅੱਡ-ਅੱਡ, ਵੰਨ-ਸੁਵੰਨੇ, ਰੱਜ-ਰੱਜ, ਲਾਇਆ

ਦੁਹਰਾਅ-ਸੂਚਕ ਸ਼ਬਦ:

ਛਮ-ਛਮ, ਅੱਡ-ਅੱਡ, ਰੱਜ-ਰੱਜ

ਅਧਿਆਪਕ ਲਈ:

ਵਿਦਿਆਰਥੀਆਂ ਨੂੰ ਆਮ ਬੋਲ-ਚਾਲ ਦੌਰਾਨ ਪ੍ਰਯੋਗ ਹੁੰਦੇ ਕੁਝ ਹੋਰ ਦੁਹਰਾਅ-ਸੂਚਕ ਸ਼ਬਦ ਲਿਖਣ ਲਈ ਆਖਿਆ ਜਾਵੇ।

*****

## ਪਾਠ-21

# ਪਿੰਡ ਇਉਂ ਬੋਲਦੈ

ਦੀਪ ਨੂੰ ਸਕੂਲ ਵਿੱਚ ਛੁੱਟੀਆਂ ਹੋ ਗਈਆਂ ਸਨ। ਉਹ ਮਾਡਲ ਸਕੂਲ ਵਿੱਚ ਪੜ੍ਹਦਾ ਸੀ। ਉਸ ਦੇ ਦੋਸਤ ਕਿਧਰੇ ਨਾ ਕਿਧਰੇ ਸੈਰ ਕਰਨ ਜਾ ਰਹੇ ਸਨ। ਉਹ ਵੀ ਚਾਹੁੰਦਾ ਸੀ ਕਿ ਕਿਸੇ ਵੱਡੇ ਸ਼ਹਿਰ—ਜੈਪੁਰ, ਜੋਧਪੁਰ, ਪਾਲਮਪੁਰ ਜਾਂ ਬੰਗਲੌਰ (ਬੈਂਗਲੁਰੂ) ਜਾਵੇ। ਸਕੂਲੋਂ ਘਰ ਪਹੁੰਚਦਿਆਂ ਹੀ ਉਸ ਨੇ ਆਪਣੇ ਪਾਪਾ ਨੂੰ ਪੁੱਛਿਆ, "ਪਾਪਾ! ਅਸੀਂ ਛੁੱਟੀਆਂ ਵਿੱਚ ਘੁੰਮਣ ਕਿੱਥੇ ਜਾਵਾਂਗੇ ? ਛੁੱਟੀਆਂ ਤਾਂ ਅੱਜ ਤੋਂ ਹੀ ਹੋ ਗਈਆਂ ਹਨ।"

ਪਾਪਾ ਉਸ ਦੀ ਗੱਲ ਸੁਣ ਕੇ ਮੁਸਕਰਾਏ ਤੇ ਕਹਿਣ ਲੱਗੇ, "ਬੇਟਾ! ਮੈਂ ਸੋਚਦਾ ਹਾਂ ਕਿ ਐਤਕੀਂ ਤੁਹਾਨੂੰ ਪਿੰਡ ਦੀ ਸੈਰ ਕਰਵਾਈ ਜਾਵੇ। ਪਿੰਡ ਜਿੱਥੇ ਤੇਰੇ ਦਾਦਾ, ਦਾਦੀ ਤੇ ਤਾਇਆ, ਤਾਈ ਰਹਿੰਦੇ ਹਨ।"

"ਲੈ ਬੱਸ! ਪਿੰਡ ਹੀ, ਮੇਰਾ ਦੋਸਤ ਰਮਨ ਤਾਂ ਜੈਪੁਰ ਜਾ ਰਿਹਾ ਹੈ ਤੇ ਏਕਮ ਤਾਂ ਲੰਡਨ ਕੇਵਲ ਸੈਰ ਕਰਨ ਹੀ ਜਾ ਰਿਹੈ ਤੇ ਮੈਂ ਪਿੰਡ" .... ਉਸ ਨੇ ਗੁੱਸੇ ਹੁੰਦੇ ਕਿਹਾ।

"ਬੇਟਾ! ਤੂੰ ਪਿੰਡ ਜਾ ਕੇ ਦੇਖੀ ਤਾਂ ਸਹੀ, ਤੈਨੂੰ ਕਿੰਨਾ ਚੰਗਾ ਲੱਗੇਗਾ!"

"ਨਹੀਂ-ਨਹੀਂ! ਮੈਂ ਪਿੰਡ ਨਹੀ ਜਾਣਾ। ਮਾਸੀ ਜੀ ਦੀ ਬੇਟੀ ਕੰਚੂ ਦੱਸਦੀ ਸੀ ਕਿ ਪਿੰਡ ਵਿੱਚ ਤਾਂ ਗੋਹੇ ਦੀ ਬਦਬੋ ਆਉਂਦੀ ਰਹਿੰਦੀ ਏ।"

"ਹੁਣ ਉਹ ਗੱਲ ਨਹੀਂ ਏ, ਬੇਟੇ! ਅਸੀਂ ਤਾਂ ਕਾਫ਼ੀ ਸਾਲਾਂ ਮਗਰੋਂ ਜਾ ਰਹੇ ਹਾਂ। ਹੁਣ ਪਿੰਡ ਵਿੱਚ ਗੋਹੇ ਦੀ ਬਦਬੋ ਨਹੀਂ ਆਉਂਦੀ। ਹੁਣ ਤਾਂ ਉੱਥੇ ਗੋਹੇ ਦੀ ਗੈਸ ਬਣਨ ਲੱਗ ਪਈ ਏ। ਸਾਰਾ ਗੋਹਾ ਇੱਕ ਥਾਂ ਗੋਬਰ ਗੈਸ ਪਲਾਂਟ ਕੋਲ਼ ਇਕੱਠਾ ਕਰ ਦਿੱਤਾ ਜਾਂਦਾ ਏ।"

ਦੀਪ ਦੀ ਭੈਣ ਰਾਣੋ ਪਾਪਾ ਦੀ ਗੱਲ ਸੁਣ ਕੇ ਬੋਲੀ, "ਹਾਂ, ਪਾਪਾ ਜੀ! ਅੱਜ-ਕੱਲ੍ਹ ਪਿੰਡਾਂ ਨੇ ਤਾਂ ਬਹੁਤ ਤਰੱਕੀ ਕਰ ਲਈ ਏ। ਸਾਡੇ ਇੱਥੇ ਤਾਂ ਹਰ ਵੇਲ਼ੇ ਚੀਕ-ਚਿਹਾੜਾ, ਮਿੱਟੀ-ਘੱਟਾ ਉੱਡਦਾ ਰਹਿੰਦਾ ਏ। ਪਿੰਡਾਂ ਵਿੱਚ ਤਾਂ ਹੁਣ ਪੱਕੀਆਂ ਸੜਕਾਂ ਬਣ ਗਈਆਂ ਨੇ ਤੇ ਉੱਥੇ ਹੁਣ ਧੂੜ-ਮਿੱਟੀ ਵੀ ਨਹੀਂ ਹੁੰਦੀ।"

ਭੈਣ ਦੀ ਗੱਲ ਸੁਣ ਕੇ ਦੀਪ ਪਿੰਡ ਜਾਣ ਲਈ ਮੰਨ ਗਿਆ।

ਦੀਪ ਦੇ ਮਾਤਾ ਜੀ ਨੇ ਪਿੰਡ ਜਾਣ ਦੀ ਤਿਆਰੀ ਸ਼ੁਰੂ ਕਰ ਦਿੱਤੀ। ਦੂਜੇ ਦਿਨ ਉਹ ਆਪਣੀ ਕਾਰ ਰਾਹੀਂ ਪਿੰਡ ਨੂੰ ਤੁਰ ਪਏ ਤੇ ਸ਼ਾਮ ਦੇ ਘੁਸਮੁਸੇ ਤੱਕ ਪਿੰਡ ਪਹੁੰਚ ਗਏ। ਉਹਨਾਂ ਨੂੰ ਦੇਖ ਦੇ ਦੀਪ ਕੇ ਦਾਦਾ-ਦਾਦੀ ਤੇ ਤਾਇਆ-ਤਾਈ ਤੇ ਉਹਨਾਂ ਦੇ ਬੱਚੇ ਰੇਨੂੰ ਤੇ ਰਾਜ ਬਹੁਤ ਖ਼ੁਸ਼ ਹੋਏ। ਦੇਖਦਿਆਂ-ਦੇਖਦਿਆਂ ਪਿੰਡ ਦਾ ਵਿਹੜਾ ਲੋਕਾਂ ਨਾਲ਼ ਭਰ ਗਿਆ। ਸਾਰੇ ਉਹਨਾਂ ਦਾ ਹਾਲ-ਚਾਲ ਪੁੱਛ ਰਹੇ ਸਨ। ਬੱਚਿਆਂ ਦੇ ਸਿਰਾਂ 'ਤੇ ਹੱਥ ਰੱਖ ਪਿਆਰ ਦੇ ਰਹੇ ਸਨ। ਦੀਪ ਆਪਣੀ ਭੈਣ ਨੂੰ ਕਹਿਣ ਲੱਗਾ, "ਭੈਣ, ਸ਼ਹਿਰ ਵਿੱਚ ਤਾਂ ਐਂ ਕਦੀ ਨਹੀਂ ਹੁੰਦਾ।" ਭੈਣ ਨੇ ਸਮਝਾਇਆ, "ਦੀਪ, ਇਹੀ ਤਾਂ ਫ਼ਰਕ ਹੈ ਪਿੰਡਾਂ ਤੇ ਸ਼ਹਿਰਾਂ ਦਾ, ਇੱਥੇ ਆਪਸ ਵਿੱਚ ਆਂਢ-ਗੁਆਂਢ ਦਾ ਬਹੁਤ ਪਿਆਰ ਹੁੰਦਾ ਏ।"

ਏਨੇ ਨੂੰ ਰੇਨੂੰ ਤੇ ਰਾਜ ਭੱਜੇ-ਭੱਜੇ ਉਹਨਾਂ ਕੋਲ਼ ਆਏ ਤੇ ਕੰਨ ਵਿੱਚ ਕਹਿਣ ਲੱਗੇ, "ਆਪਾਂ ਸਵੇਰੇ-ਸਵੇਰੇ ਨਹਿਰ 'ਤੇ ਜਾਵਾਂਗੇ। ਉੱਥੇ ਖ਼ੂਬ ਮੌਜ-ਮਸਤੀ ਕਰਾਂਗੇ। ਉੱਥੇ ਨੇੜੇ ਹੀ ਬੋਹੜ ਉੱਤੇ ਅਸੀਂ ਪੀਂਘ ਵੀ ਪਾਈ ਹੋਈ ਹੈ, ਝੂਟੇ ਲਵਾਂਗੇ. ਗੱਲਾਂ ਕਰਦੇ-ਕਰਦੇ ਉਹ ਰਾਤ ਨੂੰ ਸੌਂ ਗਏ। ਸਵੇਰੇ ਚਿੜੀਆਂ ਦੀ ਚੀਂ-ਚੀਂ ਨੇ, ਰੁੱਖਾਂ ਦੀ ਸਰਸਰਾਹਟ ਨੇ, ਗਾਲ੍ਹੜਾਂ ਦੀਆਂ ਟਪੂਸੀਆਂ ਨੇ ਉਹਨਾਂ ਨੂੰ ਆਪਣੇ-ਆਪ ਹੀ ਜਗਾ ਦਿੱਤਾ ਤੇ ਉਹ ਸਾਰੇ ਨਹਿਰ ਵੱਲ ਨੂੰ ਸੈਰ ਕਰਨ ਤੁਰ ਪਏ।

ਥੱਕ-ਟੁੱਟ ਕੇ ਨੱਚਦੇ-ਟੱਪਦੇ ਉਹ ਵਾਪਸ ਮੁੜੇ ਤਾਂ ਉਹਨਾਂ ਨੂੰ ਮਿੱਸੀਆਂ ਵੇਸਣ-ਪਿਆਜ਼ ਵਾਲ਼ੀਆਂ ਰੋਟੀਆਂ, ਨਾਲ਼ ਤਾਜ਼ੀ ਲੱਸੀ ਤੇ ਮੱਖਣ ਜੋ ਉਸ ਦੇ ਦਾਦੀ ਜੀ ਨੇ ਸਵੇਰੇ-ਸਵੇਰੇ ਦੁੱਧ ਰਿੜਕ ਕੇ ਕੱਢਿਆ ਸੀ, ਖਾਣ ਨੂੰ ਮਿਲ਼ਿਆ। ਦੀਪ ਨੂੰ ਮਿੱਸੀ ਰੋਟੀ ਬਹੁਤ ਸੁਆਦ ਲੱਗੀ। ਉਸ ਆਪਣੇ ਦਾਦੀ ਜੀ ਨੂੰ ਕਿਹਾ, " ਸ਼ਹਿਰ ਵਿੱਚ ਤਾਂ ਬਜ਼ਾਰੀ ਮੱਖਣ ਖਾ-ਖਾ ਕੇ ਮੈਂ ਬਹੁਤ ਅੱਕ ਗਿਆ ਸੀ।"

ਦਿਨ ਵੇਲ਼ੇ ਉਹਨਾਂ ਦੇ ਤਾਇਆ ਜੀ ਸਾਰਿਆਂ ਨੂੰ ਆਪਣੇ ਫ਼ਾਰਮ 'ਤੇ ਲੈ ਗਏ। ਫਲ਼ਾਂ ਦੇ ਬੂਟੇ ਫਲ਼ਾਂ ਨਾਲ਼ ਝੂਲ ਰਹੇ ਸਨ। ਅਮਰੂਦ ਦੇ ਬੂਟਿਆਂ ਉੱਤੇ ਤਾਂ ਢੇਰ ਸਾਰੇ ਅਮਰੂਦ ਲੱਗੇ ਹੋਏ ਸਨ ਤੇ ਉਹ ਏਨੇ ਨੀਵੇਂ ਸਨ ਕਿ ਭਾਵੇਂ ਹੱਥ ਨਾਲ਼ ਤੋੜ ਲਓ। ਦੀਪ ਦੇ ਤਾਇਆ ਜੀ ਦੇ ਲੜਕੇ ਨੇ ਦੱਸਿਆ ਕਿ ਇਹਨਾਂ ਅਮਰੂਦਾਂ ਵਿੱਚ ਕੀੜਾ ਨਹੀਂ ਹੁੰਦਾ ਕਿਉਂਕਿ ਇੱਥੇ ਜਿੰਨੇ ਵੀ ਬੂਟੇ ਲਾਏ ਗਏ ਹਨ, ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ ਦੀਆਂ ਹਿਦਾਇਤਾਂ ਅਨੁਸਾਰ ਹੀ ਲਾਏ ਗਏ ਹਨ। ਯੂਨੀਵਰਸਿਟੀ ਦੇ ਸੁਝਾਵਾਂ ਅਨੁਸਾਰ ਹੁਣ ਜੈਵਿਕ ਖੇਤੀ ਦਾ ਵੀ ਰੁਝਾਨ ਹੋ ਗਿਆ ਹੈ। ਤਾਇਆ ਜੀ ਪਾਪਾ ਨੂੰ ਦੱਸ ਰਹੇ ਸਨ ਕਿ "ਐਤਕੀਂ ਕਣਕ ਦਾ ਝਾੜ ਵੀ ਬਹੁਤ ਸੀ। ਖੇਤੀ-ਬਾੜੀ ਮਾਹਰ ਇੱਥੇ ਆਏ ਸਨ, ਉਹਨਾਂ ਅਨੁਸਾਰ ਹੀ ਬਿਜਾਈ ਵਗ਼ੈਰਾ ਕੀਤੀ ਸੀ।"

ਸ਼ਾਮ ਨੂੰ ਤਾਈ ਜੀ ਨੇ ਖੇਤਾਂ 'ਚੋਂ ਤਾਜ਼ਾ-ਤਾਜ਼ਾ ਸਾਗ ਤੋੜ ਕੇ ਲਿਆਂਦਾ ਤੇ ਬਣਾਇਆ। ਰਾਤੀਂ ਸਾਗ ਨਾਲ਼ ਮੱਕੀ ਦੀਆਂ ਰੋਟੀਆਂ ਪਕਾਈਆਂ। ਸਾਰਿਆਂ ਨੇ ਬੜੇ ਸੁਆਦ ਨਾਲ਼ ਸਾਗ ਤੇ ਮੱਕੀ ਦੀ ਰੋਟੀ ਖਾਧੀ।

ਅਗਲੇ ਦਿਨ ਉਹਨਾਂ ਨੇ ਦਰਿਆ ਵਿੱਚ ਲੱਗੀ ਪਣ-ਚੱਕੀ ਦੇਖੀ, ਤੇਲ ਕੱਢਣ ਵਾਲ਼ੀ ਚੱਕੀ ਦੇਖੀ ਜੋ ਸ਼ਾਮ ਵੇਲ਼ੇ ਖ਼ਾਸ ਕਿਸਮ ਦਾ ਸੰਗੀਤ ਪੈਦਾ ਕਰਦੀਆਂ ਸਨ। ਉੱਥੇ ਨੇੜੇ ਹੀ ਇੱਕ ਪੋਲਟਰੀ-ਫ਼ਰਾਮ ਸੀ। ਤਾਇਆ ਜੀ ਸਭ ਬੱਚਿਆਂ ਨੂੰ ਉੱਥੇ ਲੈ ਗਏ। ਕੁਕੜੀਆਂ ਕਿੱਥੇ ਅੰਡੇ ਦਿੰਦੀਆਂ ਹਨ, ਉਹਨਾਂ ਦੀ ਖ਼ੁਰਾਕ ਦਾ ਇੰਤਜ਼ਾਮ, ਪਾਣੀ ਦਾ ਇੰਤਜ਼ਾਮ, ਸਾਫ਼-ਸਫ਼ਾਈ ਆਦਿ ਉਹਨਾਂ ਨੇ ਸਭ ਕੁਝ ਦੇਖਿਆ। ਸਭ ਨੇ ਰਲ਼ ਕੇ ਖ਼ੂਬ ਮੌਜ-ਮਸਤੀ ਕੀਤੀ।

ਇਉਂ ਹਰ ਰੋਜ਼ ਕੁਝ ਨਾ ਕੁਝ ਨਵਾਂ ਦੇਖਦਿਆਂ ਹਫ਼ਤਾ ਲੰਘ ਗਿਆ। ਹੁਣ ਤਾਂ ਦੀਪ ਕਹਿ ਰਿਹਾ ਸੀ, "ਪਾਪਾ.... ਅਜੇ ਤਾਂ ਹੋਰ ਵੀ ਕਈ ਕੁਝ ਦੇਖਣ ਵਾਲ਼ਾ ਰਹਿ ਗਿਆ ਏ ਤੇ ਨਾਲ਼ੇ ਹੁਣ ਤਾਂ ਸ਼ਹਿਰ ਜਾਣ ਨੂੰ ਵੀ ਦਿਲ ਨਹੀਂ ਕਰਦਾ।"

ਅਗਲੇ ਦਿਨ ਜਦੋਂ ਉਹ ਵਾਪਸ ਜਾਣ ਲੱਗੇ ਤਾਂ ਦਾਦੀ ਜੀ ਨੇ ਗੰਨੇ, ਸਾਗ, ਮੱਕੀ ਦਾ ਆਟਾ, ਦਾਲ਼ਾਂ ਤੇ ਕਣਕ ਆਦਿ ਗੱਡੀ ਵਿੱਚ ਪਹਿਲਾਂ ਹੀ ਰਖਵਾ ਦਿੱਤੀਆਂ ਸਨ। ਹੁਣ ਦੀਪ ਆਖ ਰਿਹਾ ਸੀ ਕਿ ਉਹ ਹਰ ਵਾਰ ਛੁੱਟੀਆਂ ਵਿੱਚ ਪਿੰਡ ਆਇਆ ਕਰੇਗਾ।

## ਪਾਠ-ਅਭਿਆਸ

1. ਦੱਸੋ :

(ੳ) ਪਿੰਡ ਵਿੱਚ ਦੀਪ ਦੇ ਕਿਹੜੇ-ਕਿਹੜੇ ਰਿਸ਼ਤੇਦਾਰ ਰਹਿੰਦੇ ਸਨ ?

(ਅ) ਦੀਪ ਦੇ ਦੋਸਤ ਕਿੱਥੇ-ਕਿੱਥੇ ਘੁੰਮਣ ਜਾ ਰਹੇ ਸਨ ?

(ੲ) ਪਿੰਡ ਵਿੱਚ ਗੋਹੇ ਦੀ ਵਰਤੋਂ ਕਿਸ ਤਰ੍ਹਾਂ ਕੀਤੀ ਜਾਂਦੀ ਹੈ ?

(ਸ) ਪਿੰਡਾਂ ਨੇ ਕਿਹੋ-ਜਿਹੀ ਤਰੱਕੀ ਕੀਤੀ ਹੈ ?

(ਹ) ਦੀਪ ਦੇ ਤਾਇਆ ਜੀ ਕਿਸ ਦੀਆਂ ਹਿਦਾਇਤਾਂ ਅਨੁਸਾਰ ਖੇਤੀ ਕਰਦੇ ਸਨ ?

(ਕ) ਦੀਪ ਨੇ ਦਰਿਆ ਉੱਤੇ ਕੀ-ਕੀ ਦੇਖਿਆ ?

(ਖ) ਦਾਦੀ ਜੀ ਨੇ ਗੱਡੀ ਵਿੱਚ ਕੀ ਕੁਝ ਰਖਵਾਇਆ ?

2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਤਰੱਕੀ, ਘੁਮਸੁਮਾ, ਇੰਤਜ਼ਾਮ, ਟਪੂਸੀਆਂ, ਸਰਸਰਾਹਟ, ਜੈਵਿਕ

3. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ :

(ੳ) "ਬੇਟਾ! ਮੈਂ ਸੋਚਦਾ ਹਾਂ ਕਿ ਐਤਕੀਂ ਤੁਹਾਨੂੰ ਪਿੰਡ ਦੀ ਸੈਰ ਕਰਵਾਈ ਜਾਵੇ।"

(ਅ) "ਅੱਜ-ਕੱਲ੍ਹ ਪਿੰਡਾਂ ਨੇ ਤਾਂ ਬਹੁਤ ਤਰੱਕੀ ਕਰ ਲਈ ਏ।"

(ੲ) "ਆਪਾਂ ਸਵੇਰੇ-ਸਵੇਰੇ ਨਹਿਰ 'ਤੇ ਜਾਵਾਂਗੇ। ਉੱਥੇ ਖ਼ੂਬ ਮੌਜ-ਮਸਤੀ ਕਰਾਂਗੇ।"

(ਸ) "ਅਜੇ ਤਾਂ ਹੋਰ ਵੀ ਕਈ ਕੁਝ ਦੇਖਣ ਵਾਲ਼ਾ ਰਹਿ ਗਿਆ ਏ ਤੇ ਨਾਲ਼ੇ ਹੁਣ ਤਾਂ ਸ਼ਹਿਰ ਜਾਣ ਨੂੰ ਵੀ ਦਿਲ ਨਹੀਂ ਕਰਦਾ।"

## ਵਿਆਕਰਨ :

ਨਾਂਵ ਦੇ ਜਿਸ ਰੂਪ ਤੋਂ ਜ਼ਨਾਨੇ ਅਤੇ ਮਰਦਾਨੇ ਦਾ ਭੇਦ ਪਤਾ ਲੱਗਦਾ ਹੈ, ਉਸ ਨੂੰ ਲਿੰਗ ਕਹਿੰਦੇ ਹਨ। ਲਿੰਗ ਦੋ ਪ੍ਰਕਾਰ ਦੇ ਹੁੰਦੇ ਹਨ :

(1) ਪੁਲਿੰਗ (2) ਇਸਤਰੀ-ਲਿੰਗ

ਪਾਪਾ, ਦਾਦਾ, ਦੋਸਤ, ਕੀੜਾ, ਤਾਇਆ, ਆਦਿ ਪੁਲਿੰਗ ਸ਼ਬਦ ਹਨ।

ਭੈਣ, ਮਾਸੀ, ਦਾਦੀ, ਮਾਤਾ ਜੀ, ਬੇਟੀ, ਤਾਈ, ਕੁਕੜੀਆਂ ਇਸਤਰੀ-ਲਿੰਗ ਸ਼ਬਦ ਹਨ।

4. ਪੁਲਿੰਗ ਤੇ ਇਸਤਰੀ-ਲਿੰਗ ਠੀਕ ਢੰਗ ਨਾਲ਼ ਆਪਸ ਵਿੱਚ ਜੋੜੋ :

| | |
|---|---|
| ਪਾਪਾ | ਸਹੇਲੀ |
| ਦਾਦਾ | ਕੀੜੀ |
| ਦੋਸਤ | ਮੰਮੀ |
| ਕੀੜਾ | ਦਾਦੀ |
| ਤਾਇਆ | ਕੁਕੜੀ |
| ਭੈਣ | ਤਾਈ |
| ਕੁੱਕੜ | ਭਰਾ |

ਅਧਿਆਪਕ ਲਈ:

ਅਧਿਆਪਕ ਵਿਦਿਆਰਥੀਆਂ ਨੂੰ ਹੋਰ ਪੁਲਿੰਗ ਤੇ ਇਸਤਰੀ-ਲਿੰਗ ਸ਼ਬਦ ਲਿਖਣ ਲਈ ਪ੍ਰੇਰਿਤ ਕਰੇਗਾ।

ਵਿਦਿਆਰਥੀਆਂ ਨੂੰ ਪਿੰਡ ਦੀਆਂ ਵਿਸ਼ੇਸ਼ਤਾਵਾਂ ਦਰਸਾਉਂਦਾ ਲੇਖ ਲਿਖਣ ਲਈ ਉਤਸ਼ਾਹਿਤ ਕੀਤਾ ਜਾਵੇ।

*****

# ਪਾਠ-22

# ਲੋਕ-ਨਾਇਕ ਦਾ ਚਲਾਣਾ



ਪਟਿਆਲ਼ਾ ਤੋਂ ਦਿੱਲੀ ਜਾਣ ਵਾਲ਼ੀ ਬੱਸ ਰਾਜਪੁਰਾ ਨਹੀਂ ਸੀ ਰੁਕਦੀ। ਉਹ ਤਾਂ ਅਚਾਨਕ ਹੀ ਕੰਡਕਟਰ ਨੇ ਇਕਦਮ ਘੰਟੀ ਦੇ ਕੇ ਰੋਕ ਲਈ ਸੀ, ਜਿਵੇਂ ਉਸ ਨੂੰ ਕੋਈ ਜ਼ਰੂਰੀ ਕੰਮ ਚੇਤੇ ਆ ਗਿਆ ਹੋਵੇ। ਉਹ ਪੰਜ-ਸੱਤ ਮਿੰਟ ਲਾ ਕੇ ਵਾਪਸ ਆਇਆ ਤਾਂ ਸਵਾਰੀਆਂ ਕਾਹਲ਼ੀਆਂ ਪੈ ਰਹੀਆਂ ਸਨ। ਏਨੀ ਗਰਮੀ ਵਿੱਚ ਇੱਕ ਮਿੰਟ ਵੀ ਨਹੀਂ ਰੁਕਿਆ ਜਾਂਦਾ ਤੇ ਉਹ ਵੀ ਬਿਨਾਂ ਕਾਰਨ।

ਕੰਡਕਟਰ ਮੁੜਿਆ ਤਾਂ ਉਸ ਦੇ ਨਾਲ ਟਿਕਟ-ਚੈੱਕਰ ਵੀ ਸੀ। ਉਹ ਦੋਵੇਂ ਨਾ ਬੋਲਣ ਤੋਂ ਹਟਦੇ ਸਨ ਤੇ ਨਾ ਬੱਸ ਤੋਰਨ ਲਈ ਘੰਟੀ ਦੇ ਰਹੇ ਸਨ। ਗਰਮੀ ਡਾਢੀ ਸੀ, ਖੜ੍ਹੀ ਬੱਸ ਵਿੱਚ ਹੋਰ ਵੀ ਵਧੇਰੇ ਲੱਗ ਰਹੀ ਸੀ। ਸਵਾਰੀਆਂ ਪਰੇਸ਼ਾਨ ਸਨ। ਡੀਲਕਸ ਬੱਸ ਵਿੱਚ ਥੱਲੇ ਗੱਦਾ ਪਿੱਛੇ ਢੋਅ ਅਤੇ ਅਰਾਮ ਕਰਨ ਦੀ ਸਹੂਲਤ ਹੋਣ ਦੇ ਬਾਵਜੂਦ ਇਹ ਸੀਟਾਂ ਕਿੰਨੀਆਂ ਨਿਕੰਮੀਆਂ ਹਨ। ਖੱਬੇ ਜਾਂ ਸੱਜੇ ਬੈਠੀ ਸਵਾਰੀ ਤੋਂ ਬਿਨਾਂ ਕੋਈ ਕਿਸੇ ਹੋਰ ਨਾਲ਼ ਗੱਲ ਵੀ ਨਹੀਂ ਸੀ ਕਰ ਸਕਦਾ।

"ਚੱਲੋ, ਤੋਰੋ ਬੱਸ ਨੂੰ ਬਾਕੀ ਗੱਲ ਰਸਤੇ ਵਿੱਚ ਕਰ ਲਿਓ", ਮੈਂ ਘੰਟੀ ਨੂੰ ਅੰਗੂਠੇ ਨਾਲ਼ ਦਬਾਉਣ ਦਾ ਇਸ਼ਾਰਾ ਕਰਦਿਆਂ ਕਿਹਾ, ਜਿਵੇ ਮੇਰੇ ਕਿਹਾਂ ਕੰਡਕਟਰ ਨੇ ਮੰਨ ਜਾਣਾ ਸੀ।

ਮੇਰੇ ਕਹਿਣ ਦਾ ਅਸਰ ਸੀ ਜਾਂ ਕਿਸੇ ਹੋਰ ਕਾਰਨ, ਬੱਸ ਤੁਰ ਪਈ। ਕੰਡਕਟਰ ਤੇ ਚੈੱਕਰ ਵੀ ਚੁੱਪ ਹੋ ਗਏ।

"ਤੈਨੂੰ ਪਤੈ! ਪੰਡਤ ਨਹਿਰੂ ਜੀ ਚੱਲ ਵੱਸੇ?", ਚੈਕਰ ਨੂੰ ਜਿਵੇਂ ਅਚਾਨਕ ਹੀ ਐਡੀ ਵੱਡੀ ਖ਼ਬਰ ਦਾ ਚੇਤਾ ਆ ਗਿਆ ਹੋਵੇ।

"ਹੈਂ! ਕੌਣ?" ਕੰਡਕਟਰ ਦੀਆਂ ਅੱਖਾਂ ਟੱਡੀਆਂ ਹੀ ਰਹਿ ਗਈਆਂ।"

"ਪੰਡਤ ਨਹਿਰੂ! ਰੇਡੀਓ ਉੱਤੇ ਖ਼ਬਰ ਸੀ। ਇਹਦਾ ਮਤਲਬ ਹੈ, ਤੁਸੀਂ ਨਹੀਂ ਸੁਣੀ। ਤੁਸੀਂ ਪਹਿਲੇ ਤੁਰ ਪਏ ਹੋਵੋਂਗੇ ਸ਼ਾਇਦ" ਚੈੱਕਰ ਠਰ੍ਹੰਮੇ ਨਾਲ਼ ਉੱਤਰ ਦੇ ਰਿਹਾ ਸੀ ਤਾਂਕਿ ਸੁਣਨ ਵਾਲ਼ਿਆਂ ਨੂੰ ਝੂਠ ਨਾ ਲੱਗੇ।

"ਕੌਣ?

ਨਹਿਰੂ ??

ਪੰਡਤ ਨਹਿਰੂ ???

ਪ੍ਰਧਾਨ ਮੰਤਰੀ ????"

ਇੱਕੋ ਬੋਲ, ਕਈ ਅਵਾਜ਼ਾਂ ਆਈਆਂ। ਸਭ ਦੀਆਂ ਸਭ ਸਵਾਰੀਆਂ ਆਪੋ-ਆਪਣੀ ਹੈਰਾਨੀ ਪ੍ਰਗਟ ਕਰ ਰਹੀਆਂ ਸਨ। ਹੁਣ ਸੀਟਾਂ ਦੀਆਂ ਬਾਂਹਾਂ ਤੇ ਢੋਆਂ ਉਹਨਾਂ ਲਈ ਰੁਕਾਵਟ ਨਹੀਂ ਸਨ ਬਣ ਰਹੀਆਂ। ਉਹ ਸਭ ਇੱਕੋ ਬੋਲ ਬੋਲ ਰਹੀਆਂ ਸਨ, ਇੱਕੋ ਪਰਿਵਾਰ ਦੇ ਮੈਂਬਰਾਂ ਵਾਂਗ।

ਬੱਸ-ਡ੍ਰਾਈਵਰ ਨੇ ਇੰਞ ਬ੍ਰੇਕਾਂ ਲਾਈਆਂ, ਜਿਵੇਂ ਕਿਸੇ ਨੂੰ ਥੱਲੇ ਆਉਣੋਂ ਬਚਾ ਰਿਹਾ ਹੋਵੇ।

"ਹੈਂ! ਨਹਿਰੂ ਜੀ ਤੁਰ ਗਏ?" ਉਸ ਨੇ ਬੱਸ ਰੋਕ ਲਈ। ਨਾ ਧੁੱਪ ਦੇਖੀ, ਨਾ ਛਾਂ, ਉੱਥੇ ਦਾ ਉੱਥੇ ਹੀ ਰੁਕ ਗਿਆ। ਚੈੱਕਰ ਨੇ ਖ਼ਬਰ ਦੀ ਵਿਆਖਿਆ ਕੀਤੀ। ਪੰਡਤ ਜੀ ਸਵੇਰ ਤੋਂ ਹੀ ਬੇਹੋਸ਼ ਸਨ। ਇੱਕ ਵਾਰੀ ਬੇਹੋਸ਼ ਹੋਣ ਤੋਂ ਪਿੱਛੋਂ ਹੋਸ਼ ਨਹੀਂ ਸੀ ਆਈ।

ਸਭ ਨੂੰ ਯਕੀਨ ਹੋ ਗਿਆ। ਖ਼ਬਰ ਸੱਚੀ ਸੀ।

ਜਵਾਹਰਲਾਲ ਨਹਿਰੂ ਸੁਰਗਵਾਸ ਹੋ ਚੁੱਕੇ ਸਨ। ਸਭ ਦੇ ਚਿਹਰਿਆਂ ਉੱਤੇ ਮੁੜ੍ਹਕੇ ਦੀਆਂ ਬੂੰਦਾਂ ਸਨ। ਬਾਹਰ ਵੀ ਕਾਫ਼ੀ ਧੁੱਪ ਸੀ। 27 ਮਈ ਦੀ ਧੁੱਪ ਪਰ ਕੋਈ ਡ੍ਰਾਈਵਰ ਨੂੰ ਬੱਸ ਤੋਰਨ ਲਈ ਨਹੀਂ ਸੀ ਕਹਿ ਰਿਹਾ। ਕਿਸੇ ਨੂੰ ਬੱਸ ਦੇ ਖੜ੍ਹੀ ਹੋਣ ਦਾ ਗ਼ੁੱਸਾ ਨਹੀਂ ਸੀ। ਹਰ ਕਿਸੇ ਦੀ ਗਿਲਾ-ਗੁਜ਼ਾਰੀ ਮੁੱਕ ਗਈ ਸੀ। ਧੁੱਪ ਦਾ ਕਿਸੇ ਨੂੰ ਅਹਿਸਾਸ ਹੀ ਨਹੀਂ ਸੀ ਜਾਪਦਾ। ਸਾਰੇ ਦੇ ਸਾਰੇ ਲੋਕ ਇੱਕੋ ਵਾਕ ਦੀ ਉਡੀਕ ਵਿੱਚ ਜਾਪਦੇ ਹਨ ਸਨ ਕਿ ਕੋਈ ਕਹਿ ਦੇਵੇ ਕਿ ਇਹ ਖ਼ਬਰ ਝੂਠ ਸੀ ਪਰ ਸੱਚ ਨੂੰ ਕਿਵੇਂ ਝੂਠ ਕਰ ਸਕਦੇ ਸਨ?

"ਜਿਵੇਂ ਵਾਹਿਗੁਰੂ ਨੂੰ ਮਨਜ਼ੂਰ!" ਕਹਿ ਕੇ ਡ੍ਰਾਈਵਰ ਨੇ ਆਪਣੇ-ਆਪ ਹੀ ਬੱਸ ਤੋਰ ਲਈ; ਜਿਵੇਂ ਰੋਕੀ ਸੀ, ਉਵੇਂ ਹੀ।

"ਬਹੁਤ ਵੱਡੀ ਅਕਲ ਦੇ ਮਾਲਕ ਸੀ, ਬਈ!"

"ਸਿਆਸਤਦਾਨ ਬੜੇ ਤਕੜੇ ਸੀ।"

"ਖ਼ੁਦੀ ਦਾ ਕਦਰਦਾਨ ਸੀ।"

ਬੱਸ ਵਿੱਚ ਬੈਠੀ ਹਰ ਸਵਾਰੀ ਇੱਕੋ-ਇੱਕ ਫ਼ਿਕਰਾ ਬੋਲ ਰਹੀ ਸੀ, ਮਾਪ-ਤੋਲ ਕੇ। ਹਰ ਕੋਈ ਘੱਟ ਤੋਂ ਘੱਟ ਸ਼ਬਦਾਂ ਵਿੱਚ ਇੱਕ ਪੂਰੀ ਜ਼ਿੰਦਗੀ ਦਾ ਨਿਚੋੜ ਦੇਣ ਦਾ ਜਤਨ ਕਰ ਰਿਹਾ ਸੀ। ਸ਼ਬਦਾਂ ਵਿੱਚ ਸੱਚ ਸੀ ਤੇ ਬੋਲਾਂ ਵਿੱਚ ਗੱਚ।

ਅੰਬਾਲ਼ੇ ਦੇ ਅੱਡੇ ਉੱਤੇ ਬੱਸ ਰੁਕੀ ਪਰ ਨਾ ਕੋਈ ਚੜ੍ਹਿਆ ਤੇ ਨਾ ਹੀ ਕੋਈ ਉੱਤਰਿਆ। ਭਾਵੇਂ ਨਾਨ-ਸਟਾਪ ਡੀਲੱਕਸ ਬੱਸ ਵਿੱਚ ਰਸਤੇ ਦੀ ਸਵਾਰੀ ਕਦੀ-ਕਦਾਈਂ ਹੀ ਹੁੰਦੀ ਹੈ। ਇੰਞ ਜਾਪਦਾ ਸੀ, ਜਿਵੇਂ ਹਰ ਇੱਕ ਚੀਜ਼ ਉੱਥੇ ਦੀ ਉੱਥੇ ਹੀ ਰੁਕ ਗਈ ਹੋਵੇ। ਕਿਸੇ ਦਾ ਵੀ ਕੋਈ ਗੱਲ ਕਰਨ ਨੂੰ ਜੀਅ ਨਹੀਂ ਸੀ ਕਰ ਰਿਹਾ। ਸਾਡੀ ਬੱਸ ਨੂੰ ਲੋਕਾਂ ਦੀ ਬਹੁਤ ਵੱਡੀ ਭੀੜ ਨੇ ਰੋਕ ਲਿਆ।

ਮੈਂ ਬਾਹਰ ਵੇਖਿਆ ਤਾਂ ਅਸੀਂ ਸ਼ਾਹਬਾਦ ਵਿੱਚੋਂ ਲੰਘ ਰਹੇ ਸੀ। ਬਹੁਤ ਸਾਰੇ ਲੋਕ ਮਾਤਮੀ ਜਲੂਸ ਦੇ ਰੂਪ ਵਿੱਚ ਸੜਕ ਉੱਤੇ ਤੁਰ ਰਹੇ ਸਨ।

ਬੱਸ ਪਹਿਲੋਂ ਹੀ ਲੇਟ ਸੀ। ਡ੍ਰਾਈਵਰ ਵਧੇਰੇ ਲੇਟ ਨਹੀਂ ਸੀ ਕਰਨਾ ਚਾਹੁੰਦਾ। ਉਸ ਨੇ ਭੀੜ ਨੂੰ ਹਟਾਉਣ ਲਈ ਹਾਰਨ ਦਿੱਤਾ। ਪਰ ਭੀੜ ਨੇ ਇਹ ਗੱਲ ਪਸੰਦ ਨਹੀਂ ਸੀ ਕੀਤੀ। ਲੋਕਾਂ ਨੇ ਬੱਸ ਰੋਕ ਲਈ।

"ਨਹਿਰੂ ਜੀ ਮਰ ਗਏ ਨੇ, ਤੂੰ ਹਾਰਨ ਵਜਾਉਂਦੈਂ?" ਸਾਰੀ ਭੀੜ ਡ੍ਰਾਈਵਰ ਦੇ ਗਲ਼ ਪੈ ਗਈ।

ਡ੍ਰਾਈਵਰ ਹਾਰਨ ਦਾ ਕਾਰਨ ਸਮਝਾਉਣ ਦਾ ਯਤਨ ਕਰ ਰਿਹਾ ਸੀ ਪਰ ਕੋਈ ਸੁਣਦਾ ਵਿਖਾਈ ਨਹੀਂ ਸੀ ਦਿੰਦਾ।

"ਉਤਾਰੋ ਇਹਨੂੰ ਥੱਲੇ", ਭੀੜ ਵਿੱਚੋਂ ਕਿਸੇ ਦੀ ਅਵਾਜ਼ ਆਈ।

"ਅਜਿਹੇ ਸੰਕਟ ਦੇ ਸਮੇਂ ਹਾਰਨ ਦਾ ਕੀ ਕੰਮ ?"

ਸੁਤੰਤਰ ਭਾਰਤ ਦੇ ਨਾਇਕ ਦਾ ਚਲਾਣਾ ਲੋਕਾਂ ਦੇ ਮਨਾਂ 'ਤੇ ਭਾਰੂ ਸੀ। ਪੰਡਤ ਨਹਿਰੂ ਸੁਤੰਤਰਤਾ ਦਾ ਥੰਮ੍ਹ ਸੀ। ਅੱਜ ਉਹ ਥੰਮ੍ਹ ਢਹਿ ਗਿਆ ਸੀ।

ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਦੀ ਸੋਭਾ ਹੀ ਬਹੁਤ ਸੀ। ਹਿੰਦੂ, ਮੁਸਲਿਮ, ਸਿੱਖ, ਈਸਾਈ, ਸਾਰੇ ਉਹਨਾਂ ਨੂੰ ਬਹੁਤ ਚਾਹੁੰਦੇ ਸਨ। ਹਰ ਕੋਈ ਉਹਨਾਂ ਦਾ ਸਤਿਕਾਰ ਕਰਦਾ ਸੀ। ਭੀੜ ਦਾ ਗ਼ੁੱਸਾ ਇਸ ਗੱਲ ਦੀ ਪੂਰੀ ਗਵਾਹੀ ਭਰ ਰਿਹਾ ਸੀ।

## ਪਾਠ-ਅਭਿਆਸ

1. ਦੱਸੋ :

(ੳ) ਬੱਸ ਦੀਆਂ ਸਵਾਰੀਆਂ ਕਿਉਂ ਕਾਹਲ਼ੀਆਂ ਪੈ ਰਹੀਆਂ ਸਨ ?

(ਅ) ਸਭ ਸਵਾਰੀਆਂ ਆਪੋ-ਆਪਣੀ ਹੈਰਾਨੀ ਕਿਉਂ ਪ੍ਰਗਟ ਕਰ ਰਹੀਆਂ ਸਨ ?

(ੲ) ਚੈੱਕਰ ਨੇ ਖ਼ਬਰ ਦੀ ਵਿਆਖਿਆ ਕਰਕੇ ਕੀ ਦੱਸਿਆ ?

(ਸ) ਨਹਿਰੂ ਜੀ ਦੇ ਸੁਰਗਵਾਸ ਹੋਣ ਦੀ ਖ਼ਬਰ ਸੁਣ ਕੇ ਸਾਰੀਆਂ ਸਵਾਰੀਆਂ ਦਾ ਕੀ ਹਾਲ ਹੋਇਆ ?

(ਹ) ਡ੍ਰਾਈਵਰ ਦੇ ਹਾਰਨ ਵਜਾਉਣ 'ਤੇ ਭੀੜ ਗ਼ੁੱਸੇ ਵਿੱਚ ਕਿਉਂ ਆ ਗਈ ਸੀ ?

2. ਖ਼ਾਲੀ ਥਾਂਵਾਂ ਭਰੋ :

(ੳ) "ਤੈਨੂੰ ਪਤੈ .................... ਚੱਲ ਵਸੇ।"

(ਅ) ਉਹ ਸਭ ...................., ਬੋਲ ਰਹੀਆਂ ਸਨ।

(ੲ) ਇੱਕ ਵਾਰੀ .................... ਹੋਣ ਤੋਂ ਪਿੱਛੋਂ .................... ਨਹੀਂ ਸੀ ਆਈ।

(ਸ) ਹਰ ਕਿਸੇ ਦੀ .................... ਮੁੱਕ ਗਈ ਸੀ।

(ਹ) ਉਸ ਨੇ ਭੀੜ ਨੂੰ ਹਟਾਉਣ ਲਈ .................... ਦਿੱਤਾ।

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਪਰੇਸ਼ਾਨ, ਕੰਡਕਟਰ, ਡ੍ਰਾਈਵਰ, ਸੁਰਗਵਾਸ, ਸਿਆਸਤਦਾਨ, ਕਦਰਦਾਨ, ਪ੍ਰਧਾਨ ਮੰਤਰੀ, ਸਤਿਕਾਰ

## ਵਿਆਕਰਨ :

ਇਸ ਪਾਠ ਵਿੱਚ ਜਿਹੜੇ ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ ਅਤੇ ਸੰਬੰਧਕ ਸ਼ਬਦ ਆਏ ਹਨ, ਉਹਨਾਂ ਦੀ ਵੱਖਰੀ-ਵੱਖਰੀ ਸੂਚੀ ਤਿਆਰ ਕਰੋ।

### ਅਧਿਆਪਕ ਲਈ :

ਵਿਦਿਆਰਥੀਆਂ ਨੂੰ ਪੰਡਤ ਜਵਾਹਰਲਾਲ ਨਹਿਰੂ ਦੇ ਜੀਵਨ ਸੰਬੰਧੀ ਹੋਰ ਜਾਣਕਾਰੀ ਇਕੱਠੀ ਕਰਨ ਤੇ ਉਹਨਾਂ ਦੀਆਂ ਤਸਵੀਰਾਂ ਲੱਭਣ ਲਈ ਆਖਿਆ ਜਾ ਸਕਦਾ ਹੈ।

*****

## ਪਾਠ-23

# ਹਾਕੀ-ਖਿਡਾਰਨ : ਅਜਿੰਦਰ ਕੌਰ



ਅੰਤਰਰਾਸ਼ਟਰੀ ਹਾਕੀ-ਖਿਡਾਰਨ ਅਜਿੰਦਰ ਕੌਰ ਦਾ ਨਾਂ ਲੈਂਦਿਆਂ ਹੀ ਬਲੌਰੀ ਅੱਖਾਂ ਵਾਲ਼ੀ ਗੋਰੀ-ਚਿੱਟੀ, ਦਰਮਿਆਨੇ ਕੱਦ ਦੀ ਹਸਮੁਖ ਸੂਰਤ ਆਪਮੁਹਾਰੇ ਹੀ ਅੱਖਾਂ ਸਾਮ੍ਹਣੇ ਆ ਜਾਂਦੀ ਹੈ। ਅਜਿੰਦਰ ਕੌਰ ਨੇ ਭਾਰਤੀ ਮਹਿਲਾ ਹਾਕੀ ਦੀ ਖੇਡ ਵਿੱਚ ਸਭ ਤੋਂ ਵੱਧ ਨਾਂ ਕਮਾਇਆ ਹੈ। ਉਸ ਨੇ ਲਗ-ਪਗ ਪੰਦਰਾਂ ਸਾਲ ਹਾਕੀ ਦੀ ਖੇਡ ਖੇਡੀ। ਇਸ ਸਮੇਂ ਦੌਰਾਨ ਉਸ ਨੇ ਸੈਂਕੜੇ ਗੋਲ਼ ਕੀਤੇ ਤੇ ਉਸ ਦੀ ਖੇਡ ਦੀਆਂ ਥਾਂ-ਥਾਂ ਧੁੰਮਾਂ ਪਈਆਂ। ਅਜਿੰਦਰ ਕੌਰ ਦਾ ਜਨਮ 14 ਜੁਲਾਈ, 1951 ਈਸਵੀ ਨੂੰ ਜਲੰਧਰ ਵਿਖੇ ਹੋਇਆ। ਆਪ ਜੀ ਦੀ ਮਾਤਾ ਦਾ ਨਾਂ ਸਤਵੰਤ ਕੌਰ ਅਤੇ ਪਿਤਾ ਜੀ ਦਾ ਨਾਂ ਸ. ਨੰਦ ਸਿੰਘ ਸੀ। ਆਪ ਦੇ ਪਿਤਾ ਇੱਕ ਸਰਕਾਰੀ ਅਧਿਕਾਰੀ ਸਨ। ਅਜਿੰਦਰ ਕੌਰ ਨੌਂਵੀਂ ਵਿੱਚ ਪੜ੍ਹਦੀ ਸੀ ਜਦੋਂ ਪ੍ਰਸਿੱਧ ਹਾਕੀ-ਕੋਚ ਗੁਰਚਰਨ ਸਿੰਘ ਬੋਧੀ ਦੇ ਸੰਪਰਕ ਵਿੱਚ ਆਈ, ਉਹਨਾਂ ਪਾਸੋਂ ਹਾਕੀ ਦੀ ਖੇਡ ਖੇਡਣੀ ਸ਼ੁਰੂ ਕੀਤੀ ਤੇ ਉਸ ਪਿੱਛੋਂ ਉਸ ਨੇ ਕਦੇ ਪਿਛਾਂਹ ਮੁੜ ਕੇ ਨਹੀਂ ਦੇਖਿਆ।

ਜਲੰਧਰ ਸ਼ਹਿਰ ਹਾਕੀ ਦਾ ਘਰ ਹੈ। ਹਾਕੀ ਖੇਡਣ ਵਾਲ਼ੇ ਜਿੰਨੇ ਖਿਡਾਰੀ ਜਲੰਧਰ ਵਿੱਚ ਰਹਿੰਦੇ ਹਨ, ਸ਼ਾਇਦ ਹੀ ਕਿਸੇ ਹੋਰ ਸ਼ਹਿਰ ਵਿੱਚ ਰਹਿੰਦੇ ਹੋਣ। ਉੱਥੇ ਲੜਕਿਆਂ ਨੂੰ ਥਾਂ-ਥਾਂ ਹਾਕੀ ਖੇਡਦਿਆਂ ਦੇਖ ਕੇ ਅਜਿੰਦਰ ਦੇ ਦਿਲ ਵਿੱਚ ਹਾਕੀ ਖੇਡਣ ਦੀ ਇੱਛਾ ਪੈਦਾ ਹੋਈ। ਉਸ ਵੇਲ਼ੇ ਸਕੂਲਾਂ ਵਿੱਚ ਲੜਕੀਆਂ ਦੇ ਖੇਡਣ ਦਾ ਕੋਈ ਪ੍ਰਬੰਧ ਨਹੀਂ ਸੀ। ਅਜਿੰਦਰ ਦੇ ਵਾਰ-ਵਾਰ ਕਹਿਣ 'ਤੇ ਸਕੂਲ ਵਿੱਚ ਹਾਕੀ ਦੀ ਖੇਡ ਸ਼ੁਰੂ ਕੀਤੀ ਗਈ। ਇਸ ਤਰ੍ਹਾਂ ਸਮਝੋ ਕਿ ਜਲੰਧਰ ਵਿੱਚ ਲੜਕੀਆਂ ਦੀ ਹਾਕੀ ਦਾ ਅਰੰਭ ਵੀ ਉਸ ਨੇ ਹੀ ਕੀਤਾ।

ਅਜਿੰਦਰ ਕੌਰ ਨੇ ਆਪਣੇ ਸਕੂਲ-ਸਮੇਂ ਤਕਰੀਬਨ ਹਰ ਖੇਡ ਵਿੱਚ ਹਿੱਸਾ ਲਿਆ। ਉਹ ਗੋਲ਼ਾ ਸੁੱਟਣ ਵਿੱਚ ਵੀ ਮਾਹਰ ਸੀ। ਉਸ ਦਾ ਨਿੱਗਰ ਸਰੀਰ ਇਸ ਖੇਡ ਵਿੱਚ ਮਦਦਗਾਰ ਸੀ। ਅਜਿੰਦਰ ਦੀ ਵਿਲੱਖਣਤਾ ਇਸ ਗੱਲ ਵਿੱਚ ਹੈ ਕਿ

ਉਸ ਨੇ ਨੈਸ਼ਨਲ ਪੱਧਰ 'ਤੇ ਖੇਡਣ ਤੋਂ ਪਹਿਲਾਂ ਹੀ ਇੰਟਰਨੈਸ਼ਨਲ ਮੈਚ ਖੇਡਿਆ। 1967 ਈਸਵੀ ਵਿੱਚ ਜਦੋਂ ਉਹ ਕੇਵਲ 16 ਸਾਲਾਂ ਦੀ ਸੀ ਉਦੋਂ ਉਹ ਭਾਰਤ ਦੀ ਟੀਮ ਵਿੱਚ ਖੇਡਣ ਲਈ ਚੁਣੀ ਗਈ। ਉਸ ਨੇ 1967 ਈਸਵੀ ਤੋਂ 1978 ਈਸਵੀ ਤੱਕ ਲਗਾਤਾਰ ਪੰਜਾਬ ਲਈ ਹਾਕੀ ਖੇਡੀ ਅਤੇ ਇਸ ਸਮੇਂ ਦੌਰਾਨ ਉਹ ਭਾਰਤੀ ਹਾਕੀ 'ਤੇ ਵੀ ਛਾਈ ਰਹੀ। ਅਜਿੰਦਰ ਕੌਰ ਸਰਕਾਰੀ ਹਾਇਰ ਸੈਕੰਡਰੀ ਸਕੂਲ, ਨਹਿਰੂ ਗਾਰਡਨ, ਜਲੰਧਰ ਦੀ ਕੋਚ ਬਣੀ ਤੇ ਉੱਥੇ ਕਈ ਹਾਕੀ-ਖਿਡਾਰਨਾਂ ਤਿਆਰ ਕੀਤੀਆਂ, ਉਹਨਾਂ ਵਿੱਚ ਰਾਜਬੀਰ ਕੌਰ (ਅਰਜੁਨ ਐਵਾਰਡ ਵਿਜੇਤਾ) ਦਾ ਨਾਂ ਸਭ ਤੋਂ ਉੱਪਰ ਹੈ।

ਕੁਝ ਵਰ੍ਹੇ ਪਹਿਲਾਂ ਅੰਮ੍ਰਿਤਸਰ ਵਿੱਚ ਪੰਜਾਬਣਾਂ ਦਾ ਖੇਡ-ਮੇਲਾ ਮਨਾਇਆ ਗਿਆ। ਜਦੋਂ ਉਹ ਸਫ਼ੈਦ ਰੰਗ ਦੀ ਖੇਡ-ਪੁਸ਼ਾਕ ਪਹਿਨ ਕੇ ਮੈਦਾਨ ਵਿੱਚ ਮਸ਼ਾਲ ਜਗਾਉਣ ਲਈ ਆਈ, ਉਦੋਂ ਇੰਞ ਜਾਪਿਆ, ਜਿਵੇਂ ਮੈਦਾਨ ਵਿੱਚ ਰੋਸ਼ਨੀ ਹੋ ਗਈ ਹੋਵੇ। ਸ਼ਾਇਦ ਹੀ ਕੋਈ ਭਾਰਤੀ ਹਾਕੀ-ਟੀਮ ਚੁਣੀ ਗਈ ਹੋਵੇ ਜਿਸ ਵਿੱਚ ਅਜਿੰਦਰ ਕੌਰ ਨੂੰ ਸ਼ਾਮਲ ਨਾ ਕੀਤਾ ਗਿਆ ਹੋਵੇ। ਉਹ ਫੁੱਲ ਬੈਕ ਤੇ ਸੈਂਟਰ ਹਾਫ਼ ਦੋਂਹਾਂ ਪੁਜੀਸ਼ਨਾਂ 'ਤੇ ਵਧੀਆ ਖੇਡ ਲੈਂਦੀ ਸੀ। ਅਜਿੰਦਰ ਬਾਰੇ ਕਿਹਾ ਜਾਂਦਾ ਹੈ ਕਿ ਉਹ ਔਰਤਾਂ ਵਾਲ਼ੀ ਨਹੀਂ ਸਗੋਂ ਮਰਦਾਂ ਵਾਲ਼ੀ ਹਾਕੀ ਖੇਡਦੀ ਸੀ। ਉਸ ਨੇ 3 ਸਾਲ ਨਹਿਰੂ ਗਾਰਡਨ, ਸਕੂਲ ਲਈ, 3 ਸਾਲ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਲਈ ਅਤੇ 3 ਸਾਲ ਹੀ ਪੰਜਾਬ ਯੂਨੀਵਸਰਿਟੀ, ਚੰਡੀਗੜ੍ਹ ਲਈ ਹਾਕੀ ਖੇਡੀ। 1967 ਈਸਵੀ ਵਿੱਚ ਉਹ ਪੰਜਾਬ ਯੂਨੀਵਰਸਿਟੀ ਦੀ ਹਾਕੀ ਟੀਮ ਦੀ ਕਪਤਾਨ ਬਣੀ। ਉਸ ਦੀ ਕਪਤਾਨੀ ਹੇਠ ਯੂਨੀਵਰਸਿਟੀ ਦੀ ਟੀਮ ਨੇ ਅੰਤਰ-ਯੂਨੀਵਰਸਿਟੀ ਹਾਕੀ ਚੈਂਪੀਅਨਸ਼ਿਪ ਜਿੱਤ ਲਈ। 1968 ਈਸਵੀ ਦੇ ਪਹਿਲੇ ਮਹਿਲਾ ਏਸ਼ੀਆਈ ਹਾਕੀ ਟੂਰਨਾਮੈਂਟ ਸਮੇਂ ਉਹ ਭਾਰਤੀ ਟੀਮ ਵਿੱਚ ਖੇਡੀ ਤੇ ਭਾਰਤੀ ਟੀਮ ਤੀਜੇ ਨੰਬਰ 'ਤੇ ਰਹੀ। ਉਹ ਟੋਕੀਓ, ਨਿਊਜ਼ੀਲੈਂਡ, ਫ਼੍ਰਾਂਸ, ਸਕਾਟਲੈਂਡ, ਸਪੇਨ ਗਈ ਤੇ ਹਰ ਥਾਂ ਜਿੱਤ ਪ੍ਰਾਪਤ ਕੀਤੀ। ਅਜਿੰਦਰ ਲਈ ਉਹ ਪਲ ਸਭ ਤੋਂ ਵੱਧ ਯਾਦਗਾਰੀ ਸਨ ਜਦੋਂ ਉਸ ਨੇ 1976 ਈਸਵੀ ਵਿੱਚ ਮਦਰਾਸ ਵਿਖੇ 'ਬੇਗਮ ਰਸੂਲ ਟ੍ਰਾਫ਼ੀ' ਨਾਂ ਦਾ ਇੱਕ ਅੰਤਰਰਾਸ਼ਟਰੀ ਟੂਰਨਾਮੈਂਟ ਖੇਡਿਆ। ਉਸ ਦੇ ਵਧੀਆ ਪ੍ਰਦਰਸ਼ਨ ਸਦਕਾ ਹੀ ਭਾਰਤੀ ਟੀਮ ਨੂੰ ਜਿੱਤ ਪ੍ਰਾਪਤ ਹੋਈ। ਇਸ ਤਰ੍ਹਾਂ ਉਸ ਨੇ ਲਗਾਤਾਰ 1967 ਈ. ਤੋਂ 1978 ਈ. ਤੱਕ ਭਾਰਤੀ ਟੀਮ ਵਿੱਚ ਸ਼ਿਰਕਤ ਕੀਤੀ।

ਅਜਿੰਦਰ ਕੌਰ ਦੱਸਦੀ ਹੈ ਕਿ ਉਸ ਦੇ ਘਰਦਿਆਂ ਨੇ ਉਸ ਨੂੰ ਕਦੇ ਹਾਕੀ ਖੇਡਣ ਤੋਂ ਨਹੀਂ ਰੋਕਿਆ। ਜਿਸ ਲੜਕੀ ਦੇ ਮਾਪੇ ਖੇਡਣ ਦੀ ਖੁੱਲ੍ਹ ਦਿੰਦੇ ਹੋਣ, ਇਸ ਤੋਂ ਵੱਧ ਉਤਸ਼ਾਹ ਹੋਰ ਕੀ ਹੋ ਸਕਦਾ ਸੀ। ਪੰਜਾਬ ਦੀ ਇਸ ਮਹਾਨ ਖਿਡਾਰਨ ਦੀ ਕੋਈ ਖ਼ਾਸ ਖ਼ੁਰਾਕ ਵੀ ਨਹੀਂ ਸੀ। ਸਿਰਫ਼ ਘਰ ਦੀ ਦਾਲ਼-ਰੋਟੀ ਹੀ ਖਾਂਦੀ ਸੀ। ਹਾਕੀ ਖੇਡਦਿਆਂ ਅਜਿੰਦਰ ਨੂੰ ਕਈ ਮੁਸ਼ਕਲਾਂ ਦਾ ਸਾਮ੍ਹਣਾ ਵੀ ਕਰਨਾ ਪਿਆ। ਕਦੇ ਉਸ ਦੀ ਹਾਕੀ ਟੁੱਟ ਜਾਣੀ ਤਾਂ ਨਵੀਂ ਮਸਾਂ ਮਿਲ਼ਨੀ। ਕਦੇ ਗੇਂਦ ਗੁਆਚ ਜਾਣੀ ਤੇ ਨਵੀਂ ਦਾ ਪ੍ਰਬੰਧ ਛੇਤੀ ਨਾ ਹੋਣਾ। ਕਦੇ ਵਰਦੀ ਮੁਕੰਮਲ ਨਾ ਹੋਣੀ। ਕਦੇ ਪੜ੍ਹਾਈ ਤੇ ਘਰੇਲੂ ਕੰਮਾਂ ਕਾਰਨ ਖੇਡਣ ਦਾ ਸਮਾਂ ਘੱਟ ਮਿਲ਼ਨਾ ਅਤੇ ਕਦੇ ਖੇਡਦਿਆਂ ਹੋਇਆਂ ਦਰਸ਼ਕਾਂ ਦੇ ਬੋਲ-ਕਬੋਲ ਵੀ ਸੁਣਨੇ ਪੈਂਦੇ।

ਅਜਿੰਦਰ ਕੌਰ ਦੀਆਂ ਹਾਕੀ ਦੀ ਖੇਡ ਵਿੱਚ ਪ੍ਰਾਪਤੀਆਂ ਨੂੰ ਮੁੱਖ ਰੱਖ ਕੇ ਭਾਰਤ ਸਰਕਾਰ ਨੇ 1974 ਈਸਵੀ ਵਿੱਚ ਉਸ ਨੂੰ 'ਅਰਜੁਨ ਐਵਾਰਡ' ਨਾਲ਼ ਸਨਮਾਨਿਤ ਕੀਤਾ। 1979 ਈਸਵੀ ਵਿੱਚ ਪੰਜਾਬ ਸਰਕਾਰ ਨੇ ਆਪ ਨੂੰ 'ਮਹਾਰਾਜਾ ਰਣਜੀਤ ਸਿੰਘ ਐਵਾਰਡ' ਦਿੱਤਾ। 1994 ਈਸਵੀ ਵਿੱਚ 'ਪੰਜਾਬ ਸਪੋਰਟਸ ਵਿਭਾਗ' ਨੇ 'ਪੰਜਾਬ ਦੀ ਮਹਿਲਾ ਆਗੂ' ਅਤੇ 'ਸਰਬ-ਸ੍ਰੇਸ਼ਠ' ਖਿਡਾਰਨ ਵਜੋਂ ਸਨਮਾਨਿਤ ਕੀਤਾ।

ਅਜਿੰਦਰ ਆਪਣੀਆਂ ਸਾਰੀਆਂ ਜਿੱਤਾਂ ਦਾ ਸਿਹਰਾ ਆਪਣੇ ਕੋਚ, ਸ. ਗੁਰਬਚਨ ਸਿੰਘ ਬੋਧੀ ਦੇ ਸਿਰ ਬੰਨ੍ਹਦੀ ਹੈ।

ਅਜਿੰਦਰ ਕੌਰ ਨੇ ਖੇਡਣ ਦੇ ਨਾਲ਼-ਨਾਲ਼ ਪੜ੍ਹਾਈ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ। ਉਸ ਨੇ ਸਰੀਰਿਕ ਸਿੱਖਿਆ ਦੀ ਐੱਮ.ਏ. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਕੀਤੀ। ਬਾਅਦ ਵਿੱਚ ਇਸੇ ਵਿਸ਼ੇ 'ਤੇ ਪੀ-ਐੱਚ.ਡੀ. ਵੀ ਕੀਤੀ।

ਉਸ ਨੇ ਪਟਿਆਲ਼ਾ ਦੇ ਰਾਸ਼ਟਰੀ ਖੇਡ-ਸੰਸਥਾ ਤੋਂ ਕੋਚਿੰਗ ਦਾ ਡਿਪਲੋਮਾ ਹਾਸਲ ਕੀਤਾ। ਉਸ ਨੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ-35, ਚੰਡੀਗੜ੍ਹ ਵਿੱਚ ਸਰੀਰਿਕ ਸਿੱਖਿਆ ਦੇ ਅਧਿਆਪਕ ਵਜੋਂ ਕੰਮ ਕੀਤਾ। ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਿੱਚ ਉਸ ਨੇ ਕੋਚ ਦੀ ਸੇਵਾ ਵੀ ਨਿਭਾਈ ਹੈ।

ਅੱਜ-ਕੱਲ੍ਹ ਉਹ ਇੰਗਲੈਂਡ ਵਿਖੇ ਆਪਣੇ ਪਰਿਵਾਰ ਨਾਲ਼ ਰਹਿ ਰਹੀ ਹੈ। ਉਹ ਜਦੋਂ ਵੀ ਵਿਦੇਸ਼ ਤੋਂ ਆਉਂਦੀ ਹੈ ਤਾਂ ਆਪਣੇ ਇਸ਼ਟ, ਹਾਕੀ ਦੇ ਮੈਦਾਨ ਨੂੰ ਸਿਜਦਾ ਕਰਦੀ ਹੈ ਅਤੇ ਫਿਰ ਆਪਣੇ ਰੌਣਕ ਭਰੇ ਅੰਦਾਜ਼ ਨਾਲ਼ ਚਾਰ-ਚੁਫੇਰੇ ਮਿਲ਼ਨ-ਗਿਲ਼ਨ ਵਾਲ਼ਿਆਂ ਵਿੱਚ ਖ਼ੁਸ਼ੀਆਂ ਖਿਲਾਰਦੀ ਵਾਪਸ ਪਰਤ ਜਾਂਦੀ ਹੈ।

## ਪਾਠ-ਅਭਿਆਸ

1. ਦੱਸੋ :

(ੳ) ਅਜਿੰਦਰ ਕੌਰ ਦਾ ਜਨਮ ਕਦੋਂ ਹੋਇਆ ? ਉਸ ਦੇ ਮਾਤਾ-ਪਿਤਾ ਦਾ ਕੀ ਨਾਂ ਸੀ ?

(ਅ) ਅਜਿੰਦਰ ਕੌਰ ਦੀ ਵਿਲੱਖਣਤਾ ਕਿਸ ਗੱਲ ਵਿੱਚ ਸੀ ?

(ੲ) ਹਾਕੀ ਖੇਡਣ ਲਈ ਉਹ ਕਿੱਥੇ-ਕਿੱਥੇ ਗਈ ?

(ਸ) ਹਾਕੀ ਖੇਡਣ ਸਮੇਂ ਅਜਿੰਦਰ ਕੌਰ ਨੂੰ ਕਿਹੜੀਆਂ-ਕਿਹੜੀਆਂ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪਿਆ ?

(ਹ) ਅਜਿੰਦਰ ਕੌਰ ਲਈ ਸਭ ਤੋਂ ਵੱਧ ਯਾਦਗਾਰੀ ਪਲ ਕਿਹੜੇ ਹਨ ?

(ਕ) ਅਜਿੰਦਰ ਕੌਰ ਨੂੰ ਕਿਹੜੇ-ਕਿਹੜੇ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ ?

2. ਖ਼ਾਲੀ ਥਾਂਵਾਂ ਭਰੋ :

(ੳ) ਅਜਿੰਦਰ ਕੌਰ ਨੇ ਭਾਰਤੀ ਮਹਿਲਾ ਹਾਕੀ ਦੀ ਖੇਡ ਵਿੱਚ ਸਭ ਤੋਂ ਵੱਧ .......................... ਕਮਾਇਆ ਹੈ।

(ਅ) ਅਜਿੰਦਰ ਕੌਰ ਦੇ ਹਾਕੀ-ਕੋਚ .................... ਸਨ।

(ੲ) ਜਲੰਧਰ ਸ਼ਹਿਰ .................... ਦਾ ਘਰ ਹੈ।

(ਸ) ਅਜਿੰਦਰ ਹਾਕੀ ਖੇਡਣ ਦੇ ਨਾਲ਼-ਨਾਲ਼ .................... ਸੁੱਟਣ ਵਿੱਚ ਵੀ ਮਾਹਰ ਹੈ।

(ਹ) ਉਹ ਫ਼ੁੱਲ ਬੈਕ ਤੇ .................... ਦੋਂਹਾਂ ਪੁਜੀਸ਼ਨਾਂ 'ਤੇ ਵਧੀਆ ਖੇਡ ਲੈਂਦੀ ਹੈ।

(ਕ) ਅਜਿੰਦਰ ਕੌਰ ਔਰਤਾਂ ਵਾਲ਼ੀ ਨਹੀਂ ਸਗੋਂ .................... ਵਾਲ਼ੀ ਹਾਕੀ ਖੇਡਦੀ ਹੈ।

(ਖ) ਉਸ ਨੇ ਪਟਿਆਲ਼ਾ ਦੇ ਰਾਸ਼ਟਰੀ ਖੇਡ-ਸੰਸਥਾ ਤੋਂ ............................ ਦਾ ਡਿਪਲੋਮਾ ਹਾਸਲ ਕੀਤਾ।

(ਗ) ਪੰਜਾਬ ਸਰਕਾਰ ਦੇ .................... ਵਿੱਚ ਉਸ ਨੇ ਕੋਚ ਦੀ ਸੇਵਾ ਵੀ ਨਿਭਾਈ।

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਹਸਮੁਖ, ਸੰਪਰਕ, ਗੋਲ਼, ਮਦਦਗਾਰ, ਯੂਨੀਵਰਸਿਟੀ, ਪ੍ਰਦਰਸ਼ਨ

4. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਪ੍ਰਸਿੱਧ | : | ਮਸ਼ਹੂਰ |
| ਨਿੱਗਰ | : | ਮਜ਼ਬੂਤ |
| ਵਿਲੱਖਣਤਾ | : | ਵੱਖਰਾਪਣ |
| ਪ੍ਰਦਰਸ਼ਨ | : | ਦਿਖਾਵਾ |
| ਸ਼ਿਰਕਤ | : | ਸ਼ਾਮਲ ਹੋਣਾ, ਭਾਗ ਲੈਣਾ |
| ਉਤਸ਼ਾਹ | : | ਹੌਸਲਾ |
| ਸਰਬ-ਸ੍ਰੇਸ਼ਟ | : | ਸਭ ਤੋਂ ਵਧੀਆ, ਉੱਤਮ |

## ਵਿਆਕਰਨ :

ਇਸ ਪਾਠ ਵਿੱਚੋਂ ਪੁਲਿੰਗ ਸ਼ਬਦ ਅਤੇ ਇਸਤਰੀ-ਲਿੰਗ ਸ਼ਬਦ ਲੱਭੋ ਅਤੇ ਆਪਣੀ ਕਾਪੀ ਵਿੱਚ ਲਿਖੋ।

**ਅਧਿਆਪਕ ਲਈ :**

ਵਿਦਿਆਰਥੀਆਂ ਨੂੰ ਹਾਕੀ ਦਾ ਮੈਚ ਵਿਖਾਇਆ ਜਾ ਸਕਦਾ ਹੈ।

*****

# ਪਾਠ-24

# ਵੱਡੇ ਕੰਮ ਦੀ ਭਾਲ਼

ਉਹ ਪਿੰਡ ਪਰੀ-ਲੋਕ ਵਰਗਾ ਸੀ। ਦਰਿਆ ਚਨਾਬ ਦੇ ਕੰਢੇ ਵੱਸੇ ਉਸ ਪਿੰਡ ਸੋਧਰਾ ਦੇ ਸੌ ਦਰਵਾਜ਼ੇ ਸਨ। ਸੌ ਦਰਾਂ ਅਰਥਾਤ ਦਰਵਾਜ਼ਿਆਂ ਕਰਕੇ ਹੀ ਉਸ ਪਿੰਡ ਦਾ ਨਾਂ ਸੋਧਰਾ ਸੀ। ਸੋਧਰਾ ਵਿੱਚ ਇਕ ਨੌਂ-ਲੱਖਾ ਬਾਗ਼ ਵੀ ਸੀ। ਚਨਾਬ ਦਰਿਆ ਦਾ ਪਾਣੀ ਉਸ ਬਾਗ਼ ਨੂੰ ਹਰਿਆ-ਭਰਿਆ ਰੱਖਦਾ ਸੀ। ਸੋਧਰਾ ਬਹੁਤ ਹੀ ਸੋਹਣਾ ਪਿੰਡ ਸੀ। ਜਿਹੜਾ ਇੱਕ ਵਾਰੀ ਸੋਧਰਾ ਵਿੱਚ ਰਹਿਣ ਲੱਗ ਪੈਂਦਾ, ਉਸ ਦਾ ਹੋਰ ਕਿਧਰੇ ਵੀ ਜਾਣ ਨੂੰ ਜੀਅ ਨਹੀਂ ਸੀ ਕਰਦਾ।

ਨਿੱਕਾ ਘਨੱਈਆ ਵੀ ਸੋਧਰਾ ਵਿੱਚ ਰਹਿੰਦਾ ਸੀ, ਪਰ ਉਹ ਸੋਧਰਾ ਦੇ ਬਾਕੀ ਬਾਲਾਂ ਨਾਲ਼ੋਂ ਵੱਖਰਾ ਸੀ। ਉਸ ਦਾ ਦਿਲ ਕਰਦਾ ਸੀ ਕਿ ਉਹ ਵੱਡਾ ਹੋ ਕੇ ਪਿੰਡ ਤੋਂ ਬਾਹਰ ਜਾਵੇ। ਹੋਰ ਥਾਂਵਾਂ ਵੀ ਵੇਖੇ ਤੇ ਫਿਰ ਕੁਝ ਕਰਨ ਬਾਰੇ ਸੋਚੇ। ਉਸ ਨੇ ਮਾਂ ਨੂੰ ਦੱਸਿਆ, "ਮਾਂ! ਜਦ ਮੈਂ ਵੱਡਾ ਹੋ ਜੂੰਗਾ, ਮੈਂ ਕਿਤੇ ਦੂਰ ਜਾ ਕੇ ਕੋਈ ਕੰਮ ਕਰੂੰਗਾ।"

ਮਾਂ ਉਸ ਦੇ ਵੱਲ ਵੇਖ ਕੇ ਮੁਸਕਰਾਈ, "ਤੂੰ ਭਾਵੇਂ ਕਿਧਰੇ ਵੀ ਚਲਿਆ ਜਾਵੀਂ, ਪਰ ਕੋਈ ਵੱਡਾ ਕੰਮ ਹੀ ਕਰੀਂ।"

"ਵੱਡਾ ਕੰਮ!.... ਕਿਹੜਾ ਵੱਡਾ ਕੰਮ....?" ਘਨੱਈਏ ਨੂੰ ਮਾਂ ਦੀ ਗੱਲ ਦੀ ਸਮਝ ਨਹੀਂ ਸੀ ਪਈ।

ਮਾਂ ਹੱਸੀ, "ਜਦੋਂ ਤੂੰ ਵੱਡਾ ਹੋ ਜਾਂਵੇਗਾ ਤਾਂ ਤੈਨੂੰ ਸਮਝ ਲੱਗ ਜਾਊ।"

ਘਨੱਈਏ ਨੇ ਮਾਂ ਦੀ ਗੱਲ ਨੂੰ ਮਨ ਹੀ ਮਨ ਦੁਹਰਾਇਆ ਤੇ ਫਿਰ ਖੇਡਣ ਵਿੱਚ ਰੁੱਝ ਗਿਆ।

ਜਦੋਂ ਉਹ ਵੱਡਾ ਹੋਇਆ ਤਾਂ ਨਿੱਕੇ ਹੁੰਦਿਆਂ ਦੀਆਂ ਬਹੁਤ ਸਾਰੀਆਂ ਗੱਲਾਂ ਉਹਨੂੰ ਭੁੱਲ ਗਈਆਂ ਪਰ ਮਾਂ ਦੀ ਆਖੀ ਹੋਈ ਗੱਲ ਉਹਨੂੰ ਚੇਤੇ ਰਹੀ। ਇੱਕ ਦਿਨ ਉਹ ਵੱਡੇ ਕੰਮ ਦੀ ਭਾਲ਼ ਵਿੱਚ ਘਰੋਂ ਨਿਕਲ ਤੁਰਿਆ। ਰਾਹ ਵਿੱਚ ਨਦੀਆਂ-ਨਾਲ਼ੇ ਵੀ ਆਏ ਤੇ ਜੰਗਲ਼-ਬੀਆਬਾਨ ਵੀ। ਰਾਹ ਵਿੱਚ ਸ਼ਹਿਰ ਵੀ ਆਏ ਤੇ ਘੁੱਗ ਵਸਦੇ ਪਿੰਡ ਵੀ।

ਘਨੱਈਆ ਤੁਰੀ ਗਿਆ, ਤੁਰੀ ਗਿਆ। ਇੱਕ ਦਿਨ ਉਸ ਨੂੰ ਇੱਕ ਆਦਮੀ ਮਿਲ਼ਿਆ। ਉਸ ਆਖਿਆ, "ਮੈਂ ਵੀ ਮੁਸਾਫ਼ਰ ਹਾਂ। ਕੁਝ ਵਾਟ ਆਪਾਂ ਇਕੱਠੇ ਤੁਰ ਲੈਂਦੇ ਹਾਂ।"

"ਹਾਂ, ਠੀਕ ਐ।"

ਉਹ ਦੋਵੇਂ ਕੁਝ ਚਿਰ ਚੁੱਪ-ਚਾਪ ਤੁਰੇ ਗਏ ਤੇ ਫਿਰ ਗੱਲੀਂ ਰੁੱਝ ਗਏ। ਉਸ ਮੁਸਾਫ਼ਰ ਨੇ ਪੁੱਛਿਆ, "ਤੂੰ ਕਿੱਥੇ ਜਾਣੈਂ?"

"ਪਤਾ ਨਹੀਂ।"

ਮੁਸਾਫ਼ਰ ਹੱਸਿਆ, "ਇਹ ਕਿਸ ਤਰ੍ਹਾਂ ਹੋ ਸਕਦੈ ਕਿ ਕਿਸੇ ਰਾਹੀ ਨੂੰ ਇਹ ਪਤਾ ਹੀ ਨਾ ਹੋਵੇ ਕਿ ਉਸ ਨੇ ਕਿੱਥੇ ਜਾਣੈ ਤੇ ਉਹ ਫੇਰ ਵੀ ਤੁਰਿਆ ਜਾਵੇ।"

"ਮੈਨੂੰ ਬੱਸ ਏਨਾ ਕੁ ਪਤਾ ਏ ਕਿ ਮੈਂ ਕੋਈ ਵੱਡਾ ਕੰਮ ਕਰਨਾ ਏਂ।" ਘਨੱਈਏ ਨੇ ਪੂਰੀ ਗੰਭੀਰਤਾ ਨਾਲ਼ ਜਵਾਬ ਦਿੱਤਾ, "ਇਸ ਤੋਂ ਵੱਧ ਮੈਨੂੰ ਬਿਲਕੁਲ ਵੀ ਨਹੀਂ ਪਤਾ ਕਿ ਉਹ ਕੰਮ ਕਿਹੜਾ ਏ ਤੇ ਕਿੱਥੇ ਮਿਲੂ।"

ਘਨੱਈਏ ਦੀ ਸਾਦਗੀ ਤੇ ਨਿਰਛਲਤਾ ਨੇ ਮੁਸਾਫ਼ਰ ਨੂੰ ਮੋਹ ਲਿਆ। ਉਸ ਆਖਿਆ, "ਤੈਨੂੰ ਮੇਰੇ ਗੁਰੂ ਕੋਲ਼ ਜਾਣਾ ਚਾਹੀਦਾ ਏ।

"ਤੇਰੇ ਗੁਰੂ ਕੋਲ਼?"

"ਹਾਂ।"

"ਕਿੱਥੇ?"



“ਅਨੰਦਪੁਰ ਸਾਹਿਬ!” ਉਹ ਆਦਮੀ ਘਨੱਈਏ ਨੂੰ ਉੱਥੇ ਪਹੁੰਚਣ ਦਾ ਰਾਹ ਸਮਝਾਉਣ ਲੱਗ ਪਿਆ। ਉਹ ਦੋਵੇਂ ਜਿੰਨਾ ਕੁ ਪੈਂਡਾ ਇਕੱਠੇ ਤੁਰੇ, ਓਨੇ ਚਿਰ ਵਿੱਚ ਹੀ ਮੁਸਾਫ਼ਰ ਨੇ ਘਨੱਈਏ ਨੂੰ ਗੁਰੂ ਤੇਗ਼ ਬਹਾਦਰ ਅਤੇ ਉਹਨਾਂ ਦੇ ਸਾਹਿਬਜ਼ਾਦੇ ਗੋਬਿੰਦ ਰਾਏ ਬਾਰੇ ਭਰਪੂਰ ਜਾਣਕਾਰੀ ਦੇ ਦਿੱਤੀ।

ਘਨੱਈਆ ਅਨੰਦਪੁਰ ਸਾਹਿਬ ਪਹੁੰਚ ਗਿਆ। ਮਾਹੌਲ ਦੀ ਪਵਿੱਤਰਤਾ, ਸੁੰਦਰਤਾ ਅਤੇ ਸੱਚੇ-ਸੁਚੇ ਬਚਨਾਂ ਤੋਂ ਉਸ ਨੂੰ ਅਨੁਭਵ ਹੋਇਆ ਕਿ ਉਹ ਇਸ ਥਾਂ ਦੀ ਭਾਲ਼ ਵਿੱਚ ਸੀ। ਉਹਨੇ ਉੱਥੇ ਰਹਿਣ ਦਾ ਮਨ ਬਣਾ ਲਿਆ।

ਘਨੱਈਆ ਵਿੱਚ ਮਨੁੱਖੀ ਸੇਵਾ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ। ਇੱਥੇ ਆ ਕੇ ਉਸ ਨੂੰ ਮਨੁੱਖ ਦੇ ਇਸ ਗੁਣ ਦੀ ਉੱਤਮਤਾ ਦੀ ਸਮਝ ਪਈ ਸੀ। ਉਸ ਨੇ ਗੁਰੂ ਦੇ ਲੰਗਰ ਵਿੱਚ ਪਾਣੀ ਦੀ ਸੇਵਾ ਦਾ ਕੰਮ ਸੰਭਾਲ਼ ਲਿਆ। ਉੱਥੇ ਹੀ ਉਸ ਨੂੰ ਘਨੱਈਆ ਤੋਂ ‘ਭਾਈ ਘਨੱਈਆ’ ਹੋਣ ਦਾ ਆਦਰ ਮਿਲ਼ਿਆ ਸੀ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਪਿੱਛੋਂ ਗੁਰੂ ਗੋਬਿੰਦ ਰਾਏ ਜੀ ਨੇ ਗੁਰਗੱਦੀ ਸੰਭਾਲ਼ੀ। ਗੁਰੂ ਗੋਬਿੰਦ ਰਾਏ ਜੀ ਦਾ ਜਸ ਸਾਰੇ ਪਾਸੇ ਫੈਲ ਰਿਹਾ ਸੀ। ਪਹਾੜੀ ਰਾਜੇ ਗੁਰੂ ਜੀ ਦੀ ਮਹਿਮਾ ਤੋਂ ਔਖੇ ਸਨ ਅਤੇ ਮਨ ਹੀ ਮਨ ਉਹਨਾਂ ਨਾਲ਼ ਖ਼ਾਰ ਖਾਂਦੇ ਸਨ।

ਪਹਾੜੀ ਰਾਜਿਆਂ ਨੇ ਚਾਰ ਸੌ ਪਠਾਣਾਂ ਨੂੰ ਨਾਲ਼ ਰਲ਼ਾਇਆ ਅਤੇ ਇਕੱਠੇ ਹੋ ਕੇ ਹੱਲਾ ਬੋਲ ਦਿੱਤਾ। ਦੋਂਹਾਂ ਧਿਰਾਂ ਵਿੱਚ ਘਮਸਾਨ ਦੀ ਲੜਾਈ ਛਿੜ ਪਈ। ਭੰਗਾਣੀ ਦੇ ਇਸ ਯੁੱਧ ਵਿੱਚ ਭਾਈ ਘਨੱਈਏ ਨੇ ਲੋੜਵੰਦਾਂ ਨੂੰ ਪਾਣੀ ਪਿਆਉਣ ਦੀ ਸੇਵਾ ਦਾ ਕੰਮ ਸੰਭਾਲ਼ ਲਿਆ।

ਲੋੜਵੰਦਾਂ ਲਈ ਪਛਾਣ ਬਣਾਈ ਰੱਖਣ ਖ਼ਾਤਰ ਭਾਈ ਘਨੱਈਏ ਨੇ ਚਿੱਟੇ ਕੱਪੜੇ ਪਾ ਲਏ। ਉਹਨੇ ਮੌਢੇ ਨਾਲ਼ ਪਾਣੀ ਦੀ ਭਰੀ ਹੋਈ ਮਸ਼ਕ ਲਟਕਾ ਲਈ ਤੇ ਚਿੱਟਾ ਝੰਡਾ ਹੱਥ ਵਿੱਚ ਫੜ ਲਿਆ।

ਕਈ ਵਾਰ ਥੱਕੇ-ਹਾਰੇ ਅਤੇ ਤੇਹ ਦੇ ਮਾਰੇ ਹੋਏ ਸਿਪਾਹੀ ਭਾਈ ਘਨੱਈਏ ਕੋਲ਼ ਪਹੁੰਚ ਕੇ ਪਾਣੀ ਮੰਗਦੇ। ਬਿਨਾਂ ਕਿਸੇ ਵਿਤਕਰੇ ਤੋਂ ਉਹਨਾਂ ਨੂੰ ਪੀਣ ਲਈ ਠੰਢਾ ਪਾਣੀ ਮਿਲ਼ਦਾ। ਉਹ ਤਾਜ਼ਾ-ਦਮ ਹੋ ਕੇ ਮੁੜ ਲੜਾਈ ਵਿੱਚ ਕੁੱਦ ਪੈਂਦੇ। ਹੌਲ਼ੀ-ਹੌਲ਼ੀ ਲੜਾਈ ਮਘਦੀ ਗਈ।

ਲੜਾਈ ਦੇ ਮੈਦਾਨ ਵਿੱਚ ਦੂਰ ਤੱਕ ਲਾਸ਼ਾਂ ਖਿੱਲਰੀਆਂ ਹੋਈਆਂ ਵਿਖਾਈ ਦੇਣ ਲੱਗ ਪਈਆਂ। ਜ਼ਖ਼ਮੀਆਂ ਦੀ ਪੁਕਾਰ ਅਤੇ ਜੰਗੀ ਹਥਿਆਰਾਂ ਦੀਆਂ ਅਵਾਜ਼ਾਂ ਨੇ ਕੰਨ ਬੋਲ਼ੇ ਕੀਤੇ ਹੋਏ ਸਨ।

ਉਸ ਵੇਲ਼ੇ ਭਾਈ ਘਨੱਈਏ ਨੇ ਖ਼ੁਦ ਜ਼ਖ਼ਮੀਆਂ ਤੱਕ ਪਹੁੰਚ ਕੇ ਪਾਣੀ ਲਿਆਉਣ ਦੀ ਲੋੜ ਨੂੰ ਮਹਿਸੂਸ ਕੀਤਾ। ਪਾਣੀ ਦੀ ਭਰੀ ਹੋਈ ਮਸ਼ਕ ਚੁੱਕੀ, ਉਹ ਜ਼ਖ਼ਮੀਆਂ ਨੂੰ ਲੱਭ-ਲੱਭ ਪਾਣੀ ਪਿਆਉਣ ਲੱਗ ਪਿਆ।

ਅਚਾਨਕ ਉਹਨੇ ਮੱਧਮ ਜਿਹੀ ਅਵਾਜ਼ ਸੁਣੀ, "ਪਾਣੀ!.....ਹਾਏ!....ਪਾਣੀ!"

ਭਾਈ ਘਨੱਈਆ ਖਲੋ ਗਿਆ। ਉਹਨੇ ਪਿੱਛੇ ਮੁੜ ਕੇ ਵੇਖਿਆ। ਜਿਸ ਸਿਪਾਹੀ ਨੂੰ ਮੁਰਦਾ ਸਮਝ ਕੇ ਉਹ ਅਗਾਂਹ ਲੰਘ ਆਇਆ ਸੀ, ਉਸ ਸਿਪਾਹੀ ਵਿੱਚ ਹਾਲੇ ਸਾਹ ਬਾਕੀ ਸਨ। ਉਹ ਗੰਭੀਰ ਰੂਪ ਵਿੱਚ ਜ਼ਖ਼ਮੀ ਸੀ। ਉਹਦੇ ਫੱਟਾਂ ਵਿੱਚੋਂ ਲਹੂ ਵਗ ਰਿਹਾ ਸੀ।

ਭਾਈ ਘਨੱਈਆ ਨੇ ਪਹਿਲੋਂ ਉਹਨੂੰ ਪਾਣੀ ਪਿਆਇਆ ਤੇ ਫਿਰ ਕੋਲ਼ ਬਹਿ ਕੇ ਉਹਦੇ ਜ਼ਖ਼ਮ ਸਾਫ਼ ਕੀਤੇ। ਆਪਣਾ ਕਮਰਬੰਦ ਖੋਲ਼ ਕੇ ਉਹਨੂੰ ਪਾੜਿਆ ਅਤੇ ਉਸ ਸਿਪਾਹੀ ਦੇ ਜ਼ਖ਼ਮਾਂ ਉੱਤੇ ਪੱਟੀਆਂ ਬੰਨ੍ਹ ਦਿੱਤੀਆਂ।

"ਅੱਲਾ ਖ਼ੈਰ ਕਰੇ!" ਜ਼ਖ਼ਮੀ ਸਿਪਾਹੀ ਨੇ ਕੁਝ ਅਰਾਮ ਮਹਿਸੂਸ ਕਰਦਿਆਂ ਅੱਖਾਂ ਬੰਦ ਕਰ ਲਈਆਂ।

ਮਸ਼ਕ ਸੰਭਾਲ਼ਦਿਆਂ ਭਾਈ ਘਨੱਈਆ ਉੱਥੋਂ ਉੱਠਿਆ ਤੇ ਹੋਰ ਜ਼ਖ਼ਮੀਆਂ ਨੂੰ ਪਾਣੀ ਪਿਆਉਣ ਲਈ ਅਗਾਂਹ ਤੁਰ ਪਿਆ।

ਗੁਰੂ ਗੋਬਿੰਦ ਸਿੰਘ ਜੀ ਕੋਲ਼ ਭਾਈ ਘਨੱਈਆ ਦੀਆਂ ਸ਼ਿਕਾਇਤਾਂ ਪਹੁੰਚੀਆਂ ਸਨ। ਸ਼ਿਕਾਇਤਾਂ ਇਹ ਸਨ ਕਿ ਉਹ ਦੁਸ਼ਮਣ ਦੇ ਸਿਪਾਹੀਆਂ ਨੂੰ ਵੀ ਪਾਣੀ ਪਿਆਉਂਦਾ ਸੀ। ਇੱਕ ਸਿੱਖ ਨੇ ਤਾਂ ਇੱਥੋਂ ਤੱਕ ਵੀ ਦੱਸਿਆ ਕਿ ਉਹ ਦੁਸ਼ਮਣ ਸਿਪਾਹੀਆਂ ਦੇ ਜ਼ਖ਼ਮਾਂ ਉੱਤੇ ਪੱਟੀਆਂ ਵੀ ਬੰਨ੍ਹ ਦਿੰਦਾ ਸੀ।

ਸ਼ਿਕਾਇਤਾਂ ਸੁਣਦਿਆਂ ਗੁਰੂ ਜੀ ਦੇ ਬੁੱਲ੍ਹਾਂ ਉੱਤੇ ਨਿੰਮ੍ਹੀ-ਨਿੰਮ੍ਹੀ ਮੁਸਕਰਾਹਟ ਖੇਡਦੀ ਰਹੀ।

ਸ਼ਿਕਾਇਤਾਂ ਸੁਣਨ ਤੋਂ ਪਿੱਛੋਂ ਉਹਨਾਂ ਜਵਾਬ ਲਈ ਭਾਈ ਘਨੱਈਏ ਵੱਲ ਵੇਖਿਆ।

ਭਾਈ ਘਨੱਈਏ ਨੇ ਦੋਵੇਂ ਹੱਥ ਜੋੜ ਕੇ ਨਿਮਰਤਾ ਨਾਲ਼ ਉੱਤਰ ਦਿੱਤਾ, "ਸੱਚੇ ਪਾਤਸ਼ਾਹ! ਮੈਂ ਜਿਸ-ਜਿਸ ਨੂੰ ਪਾਣੀ ਪਿਆਇਆ ਹੈ, ਉਹਨਾਂ ਵਿੱਚੋਂ ਮੈਨੂੰ ਕੋਈ ਵੀ ਦੁਸ਼ਮਣ ਦਿਖਾਈ ਨਹੀਂ ਦਿੱਤਾ। ਉਹ ਸਭ ਰੱਬ ਦੇ ਬੰਦੇ ਸਨ ਅਤੇ ਲੋੜਵੰਦ ਸਨ। ਤੁਸਾਂ ਹੀ ਤਾਂ ਆਖਿਆ ਸੀ ਕਿ ਮੈਂ ਲੜਾਈ ਵਿੱਚ ਲੋੜਵੰਦਾਂ ਨੂੰ ਪਾਣੀ ਪਿਆਵਾਂ। ਮੈਨੂੰ ਤਾਂ ਸਗੋਂ ਉਹਨਾਂ ਵਿੱਚ ਤੁਹਾਡਾ ਅਕਸ ਹੀ ਦਿਸਦਾ ਰਿਹਾ ਹੈ।"

ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੱਖ ਅੰਦਰ ਜਿਹੜੇ ਗੁਣ ਵੇਖਣਾ ਚਾਹੁੰਦੇ ਸਨ, ਉਹਨਾਂ ਗੁਣਾਂ ਨੂੰ ਭਾਈ ਘਨੱਈਆ ਨੇ ਆਪਣੇ ਅੰਦਰ ਸਮੋ ਲਿਆ ਸੀ। ਗੁਰੂ ਜੀ ਬਹੁਤ ਪ੍ਰਸੰਨ ਹੋਏ। ਉਹਨਾਂ ਭਾਈ ਘਨੱਈਆ ਨੂੰ ਜ਼ਖ਼ਮੀਆਂ ਦੀ ਮਲ੍ਹਮ-ਪੱਟੀ ਕਰਨ ਦਾ ਕੰਮ ਵੀ ਸੌਂਪ ਦਿੱਤਾ।

ਭਾਈ ਘਨੱਈਆ ਜੀ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਸੇਵਾ-ਭਾਵ ਵਾਲ਼ੇ ਸਿੱਖਾਂ ਦਾ ਇੱਕ ਜਥਾ ਤਿਆਰ ਕੀਤਾ। ਉਹ ਸਾਰੇ ਪੂਰੇ ਮਨ ਨਾਲ਼ ਜ਼ਖ਼ਮੀਆਂ ਅਤੇ ਪਿਆਸਿਆਂ ਦੀ ਸੇਵਾ ਕਰਨ ਲੱਗ ਪਏ।

ਭਾਈ ਘਨੱਈਆ ਲਈ ਨਾ ਕੋਈ ਵੈਰੀ ਸੀ ਤੇ ਨਾ ਕੋਈ ਬੇਗਾਨਾ ਸੀ। ਜਿਊਂਣ ਦੇ ਜਿਸ ਮੰਤਵ ਦੀ ਭਾਲ਼ ਵਿੱਚ ਉਹ ਘਰੋਂ ਤੁਰਿਆ ਸੀ, ਉਹ 'ਵੱਡਾ ਕੰਮ' ਉਹਨੂੰ ਆਪਣੇ ਗੁਰੂ ਕੋਲ਼ੋਂ ਲੱਭ ਪਿਆ ਸੀ।

## ਪਾਠ-ਅਭਿਆਸ

1. ਦੱਸੋ :

   (ੳ) ਭਾਈ ਘਨੱਈਆ ਜੀ ਦੇ ਪਿੰਡ ਦਾ ਕੀ ਨਾਂ ਸੀ ਤੇ ਉਹ ਕਿਹੋ-ਜਿਹਾ ਸੀ?

   (ਅ) ਭਾਈ ਘਨੱਈਏ ਦੀ ਮਾਂ ਨੇ ਉਸ ਨੂੰ ਕੀ ਸਲਾਹ ਦਿੱਤੀ?

   (ੲ) ਮੁਸਾਫ਼ਰ ਭਾਈ ਘਨੱਈਆ ਦੇ ਕਿਹੜੇ ਗੁਣਾਂ ਤੋਂ ਪ੍ਰਭਾਵਿਤ ਹੋਇਆ ਤੇ ਉਸ ਨੂੰ ਕਿੱਥੇ ਜਾਣ ਲਈ ਕਿਹਾ?

   (ਸ) ਘਨੱਈਆ ਜੀ ਵਿੱਚ ਕਿਹੜੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ ਤੇ ਅਨੰਦਪੁਰ ਸਾਹਿਬ ਪੁਹੰਚ ਕੇ ਉਹਨਾਂ ਨੇ ਕਿਹੜੀ ਸੇਵਾ ਸੰਭਾਲ਼ੀ?

(ਹ) ਗੁਰੂ ਗੋਬਿੰਦ ਸਿੰਘ ਜੀ ਕੋਲ਼ ਭਾਈ ਘਨੱਈਆ ਜੀ ਦੀਆਂ ਸ਼ਿਕਾਇਤਾਂ ਕਿਉਂ ਲਾਈਆਂ ਗਈਆਂ ਸਨ ?

(ਕ) ਗੁਰੂ ਗੋਬਿੰਦ ਸਿੰਘ ਜੀ ਨੇ ਸ਼ਿਕਾਇਤ ਸੁਣ ਕੇ ਭਾਈ ਘਨੱਈਆ ਜੀ ਨੂੰ ਕਿਹੜਾ ਕੰਮ ਸੌਂਪਿਆ ਸੀ ?

(ਖ) ਭਾਈ ਘਨੱਈਆ ਜੀ ਦੇ ਚਰਿੱਤਰ ਤੋਂ ਸਾਨੂੰ ਕੀ ਸਿੱਖਿਆ ਮਿਲ਼ਦੀ ਹੈ ?

## 2. ਖ਼ਾਲੀ ਥਾਂਵਾਂ ਭਰੋ :

(ੳ) ਨਿੱਕਾ ਘਨੱਈਆ ਵੀ .................... ਵਿੱਚ ਰਹਿੰਦਾ ਸੀ।

(ਅ) ਇੱਕ ਦਿਨ ਉਹ .................... ਦੀ ਭਾਲ਼ ਵਿੱਚ ਘਰੋਂ ਨਿਕਲ਼ ਤੁਰਿਆ।

(ੲ) ਮੁਸਾਫ਼ਰ ਨੇ ਘਨੱਈਏ ਨੂੰ .................... ਅਤੇ ਉਹਨਾਂ ਦੇ ਸਾਹਿਬਜ਼ਾਦੇ .................... ਬਾਰੇ ਭਰਪੂਰ ਜਾਣਕਾਰੀ ਦਿੱਤੀ।

(ਸ) .................... ਦੇ ਯੁੱਧ ਵਿੱਚ ਭਾਈ ਘਨੱਈਆ ਨੇ ਲੋੜਵੰਦਾਂ ਨੂੰ ਪਾਣੀ ਪਿਆਉਣ ਦੀ ਸੇਵਾ ਦਾ ਕੰਮ ਸੰਭਾਲ਼ ਲਿਆ।

(ਹ) ਪਾਣੀ ਦੀ ਭਰੀ ਹੋਈ .................... ਚੁੱਕੀ ਉਹ ਜ਼ਖ਼ਮੀਆਂ ਨੂੰ ਲੱਭ-ਲੱਭ ਪਾਣੀ ਪਿਆਉਣ ਲੱਗ ਗਿਆ।

(ਕ) ਉਹ ਦੁਸ਼ਮਣ ਸਿਪਾਹੀਆਂ ਦੇ ਜ਼ਖ਼ਮਾਂ ਉੱਤੇ .................... ਵੀ ਬੰਨ੍ਹ ਦਿੰਦਾ ਸੀ।

## 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਵਾਟ, ਰਾਹੀ, ਸ਼ਹੀਦੀ, ਲੋੜਵੰਦ, ਮੁਸਾਫ਼ਰ

## 4. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਨਿਰਛਲ | : | ਛਲ਼-ਰਹਿਤ, ਸਿੱਧਾ-ਸਾਦਾ, ਸ਼ਰੀਫ਼ |
| ਪਵਿੱਤਰ | : | ਸ਼ੁੱਧ, ਸੁੱਚਾ, ਨਿਰਮਲ |
| ਉੱਤਮ | : | ਸਭ ਤੋਂ ਵਧੀਆ |
| ਮਹਿਮਾ | : | ਵਡਿਆਈ, ਉਸਤਤ |
| ਬੇਗਾਨਾ | : | ਓਪਰਾ, ਗ਼ੈਰ, ਪਰਾਇਆ |
| ਨਿਮਰਤਾ | : | ਹਲੀਮੀ |
| ਅਕਸ | : | ਪਰਛਾਂਵਾਂ |

## 5. ਮੁਹਾਵਰਿਆਂ ਦੇ ਅਰਥ :

| | | |
|---|---|---|
| ਹੱਲਾ ਬੋਲਣਾ | : | ਹਮਲਾ ਕਰਨਾ |
| ਖਾਰ ਖਾਣਾ | : | ਵਿਰੋਧ ਕਰਨਾ, ਸਾੜਾ ਕਰਨਾ |
| ਪ੍ਰਸੰਨ ਹੋਣਾ | : | ਖ਼ੁਸ਼ ਹੋਣਾ |
| ਜਸ ਫੈਲਣਾ | : | ਕਿਸੇ ਚੰਗੇ ਕੰਮ ਲਈ ਪ੍ਰਸਿੱਧੀ ਪ੍ਰਾਪਤ ਹੋਣਾ |
| ਘਮਸਾਨ ਦੀ ਲੜਾਈ ਛਿੜਨਾ | : | ਬਹੁਤ ਜ਼ਿਆਦਾ ਲੜਾਈ ਹੋਣਾ |

## ਵਿਆਕਰਨ :

ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ:

ਦਰਿਆ, ਪਿੰਡ, ਮਾਂ, ਬਾਲਾਂ, ਥਾਂਵਾਂ, ਬਚਨ, ਮਨੁੱਖ, ਲੋੜਵੰਦਾਂ, ਮਸ਼ਕ, ਜ਼ਖ਼ਮੀਆਂ, ਪੱਟੀ, ਝੰਡਾ, ਹਥਿਆਰਾਂ, ਸ਼ਿਕਾਇਤ, ਜਥਾ

### ਅਧਿਆਪਕ ਲਈ :

ਅਧਿਆਪਕ ਵਿਦਿਆਰਥੀਆਂ ਨੂੰ ਭਾਈ ਘਨੱਈਆ ਜੀ ਦੇ ਜੀਵਨ ਤੋਂ ਪ੍ਰੇਰਿਤ ਅਜੋਕੇ ਸਮੇਂ 'ਚ ਭਾਰਤੀ ਰੈੱਡ-ਕ੍ਰਾਸ ਸੰਸਥਾ ਬਾਰੇ ਜਾਣਕਾਰੀ ਪ੍ਰਦਾਨ ਕਰੇ।

ਸਕੂਲ ਵਿੱਚ ਮੁਢਲੀ ਸਹਾਇਤਾ-ਬਾਕਸ ਰੱਖਿਆ ਜਾਵੇ ਤੇ ਵਿਦਿਆਰਥੀਆਂ ਨੂੰ ਇਸ ਦੀ ਵਰਤੋਂ ਸੰਬੰਧੀ ਜਾਣਕਾਰੀ ਦਿੱਤੀ ਜਾਵੇ।

*****

## ਪਾਠ-25

# ਭਾਰਤ ਰਤਨ : ਡਾ. ਭੀਮ ਰਾਓ ਅੰਬੇਡਕਰ



ਡਾ. ਭੀਮ ਰਾਓ ਅੰਬੇਡਕਰ ਦਾ ਜੀਵਨ ਇੱਕ ਲੰਮੇ ਸੰਘਰਸ਼ ਦੀ ਕਹਾਣੀ ਹੈ। ਉਹਨਾਂ ਦਾ ਜਨਮ 14 ਅਪਰੈਲ, 1891 ਈ. ਨੂੰ ਬੜੌਦ ਰਿਆਸਤ ਦੀ ਛਾਉਣੀ ਮਹੂ (ਮੱਧ ਪ੍ਰਦੇਸ਼) ਵਿੱਚ ਹੋਇਆ। ਉਹਨਾਂ ਦੀ ਮਾਤਾ ਦਾ ਨਾਂ ਭੀਮਾ ਬਾਈ ਤੇ ਪਿਤਾ ਦਾ ਨਾਂ ਰਾਮ ਜੀ ਸੀ। ਮਾਂ ਨੇ ਆਪਣੇ ਲਾਡਲੇ ਪੁੱਤਰ ਦਾ ਨਾਂ ਭੀਮ ਰਾਓ ਰੱਖਿਆ। ਭੀਮ ਰਾਓ ਦੇ ਪਿਤਾ ਫ਼ੌਜ ਵਿੱਚ ਸੂਬੇਦਾਰ ਸਨ।

ਭੀਮ ਰਾਓ ਤਿੰਨ ਕੁ ਸਾਲ ਦੇ ਸਨ ਜਦ ਪਿਤਾ ਰਾਮ ਜੀ ਫ਼ੌਜ ਵਿੱਚੋਂ ਪੈਨਸ਼ਨ ਲੈ ਕੇ ਘਰ ਆ ਗਏ। ਉਹਨਾਂ ਦਾ ਜੱਦੀ ਪਿੰਡ ਮਹਾਂਰਾਸ਼ਟਰ ਰਾਜ ਵਿੱਚ ਅੰਬਾਵਡੇ ਸੀ। ਭੀਮ ਰਾਓ ਨੂੰ ਪੜ੍ਹਨ ਪਾਉਣ ਲਈ ਉਹ ਕਸਬਾ ਸਤਾਰਾ ਵਿੱਚ ਰਹਿਣ ਲੱਗ ਪਏ। ਪੰਜ ਸਾਲ ਦੀ ਉਮਰ ਵਿੱਚ ਭੀਮ ਰਾਓ ਨੂੰ ਸਤਾਰਾ ਦੇ ਕੈਂਪ ਸਕੂਲ ਵਿੱਚ ਦਾਖ਼ਲ ਕਰਾ ਦਿੱਤਾ ਗਿਆ। ਮਾਂ ਚਾਹੁੰਦੀ ਸੀ ਕਿ ਉਸ ਦਾ ਪੁੱਤਰ ਪੜ੍ਹ ਕੇ ਉੱਚੀ ਪਦਵੀ ਪਾਵੇ। ਇਸ ਲਈ ਉਹ ਭੀਮ ਰਾਓ ਨੂੰ, ਵੱਡੇ ਭਰਾ ਅਨੰਦ ਰਾਓ ਦੇ ਕੋਲ਼ ਪੜ੍ਹਨ ਬਿਠਾ ਦਿੰਦੀ ਪਰ ਮੌਕਾ ਦੇਖ ਕੇ ਭੀਮ ਰਾਓ ਹਾਣੀਆਂ ਨਾਲ਼ ਖੇਡਣ ਤੁਰ ਜਾਂਦੇ। ਥੋੜ੍ਹੀ ਦੇਰ ਬਿਮਾਰ ਰਹਿਣ ਬਾਅਦ ਉਹਨਾਂ ਦੀ ਮਾਂ ਭੀਮਾ ਬਾਈ ਸੁਰਗਵਾਸ ਹੋ ਗਈ।

ਭੀਮ ਰਾਓ ਉਦਾਸ ਰਹਿਣ ਲੱਗ ਪਏ। ਉਹਨਾਂ ਦਾ ਮਨ ਪੜ੍ਹਾਈ ਵਿੱਚ ਨਾ ਲੱਗਦਾ। ਭੀਮ ਰਾਓ ਸਕੂਲ ਤੋਂ ਵਾਪਸ ਆ ਕੇ ਘਰ ਬਸਤਾ ਰੱਖਦੇ ਤੇ ਖੇਤਾਂ ਨੂੰ ਚਲੇ ਜਾਂਦੇ। ਇੱਕ ਦਿਨ ਅਨੰਦ ਰਾਓ ਨੇ ਕਿਹਾ, "ਭੀਮ! ਮਾਂ ਪੜ੍ਹਾ-ਲਿਖਾ ਕੇ ਤੈਨੂੰ ਵੱਡਾ ਅਫ਼ਸਰ ਬਣਾਉਣਾ ਚਾਹੁੰਦੀ ਸੀ।" ਵੱਡੇ ਭਰਾ ਦੀ ਗੱਲ ਭੀਮ ਦੇ ਮਨ ਨੂੰ ਲੱਗ ਗਈ। ਉਸ ਦਿਨ ਤੋਂ ਬਾਅਦ ਉਹ ਦਿਲ ਲਾ ਕੇ ਪੜ੍ਹਾਈ ਕਰਨ ਲੱਗ ਪਏ। ਮੀਂਹ ਹੋਵੇ ਜਾਂ ਹਨੇਰੀ, ਉਹ ਹਰ ਰੋਜ਼ ਸਕੂਲ ਜਾਂਦੇ। ਇੱਕ ਦਿਨ ਦੀ ਗੱਲ ਹੈ ਕਿ ਉਹ ਦੋਵੇਂ ਭਰਾ ਸਕੂਲ ਨੂੰ ਤੁਰਨ ਹੀ ਲੱਗੇ ਸਨ ਕਿ ਜ਼ੋਰਦਾਰ ਮੀਂਹ ਵਰ੍ਹਨ ਲੱਗ ਪਿਆ। ਅਨੰਦ ਰਾਓ ਕੋਲ਼ ਛਤਰੀ ਸੀ। ਭੀਮ ਰਾਓ ਨੇ ਆਪਣਾ ਬਸਤਾ ਅਨੰਦ ਰਾਓ ਨੂੰ ਫੜਾ ਦਿੱਤਾ ਤੇ ਉਹ ਆਪ ਮੀਂਹ ਵਿੱਚ ਭਿੱਜਦੇ ਹੋਏ ਸਕੂਲ ਪਹੁੰਚ ਗਏ। ਭੀਮ ਰਾਓ ਦੀ ਪੜ੍ਹਾਈ ਵਿੱਚ ਲਗਨ ਦੇਖ ਕੇ ਅਧਿਆਪਕ ਦੰਗ ਰਹਿ ਗਏ। ਭੀਮ ਰਾਓ ਹਸਮੁਖ ਤੇ ਮਿੱਠ-ਬੋਲੜੇ ਸਨ। ਇਸ ਲਈ ਅਧਿਆਪਕ ਉਹਨਾਂ ਨੂੰ ਪਿਆਰ ਕਰਦੇ ਸਨ।

ਭੀਮ ਰਾਓ ਨੇ ਜੱਦੀ ਪਿੰਡ ਦਾ ਨਾਂ ਅੰਬਾਵਡੇ ਸੀ। ਪਿੰਡ ਦਾ ਨਾਂ ਉਹ ਆਪਣੇ ਨਾਂ ਨਾਲ਼ ਲਿਖਦੇ ਸਨ। ਇੱਕ ਦਿਨ ਅਧਿਆਪਕ ਨੇ ਕਿਹਾ, "ਭੀਮ ਤੇਰਾ ਨਾਂ ਬੋਲਣਾ ਔਖਾ ਲੱਗਦਾ ਹੈ। ਮੇਰੇ ਵਾਂਗ ਤੂੰ ਵੀ ਆਪਣੇ ਨਾਂ ਨਾਲ਼ 'ਅੰਬੇਦਕਰ' ਲਿਖਿਆ ਕਰ।" ਉਸ ਦਿਨ ਤੋਂ ਅਧਿਆਪਕ ਨੇ ਸਕੂਲ ਦੇ ਰਜਿਸਟਰ ਵਿੱਚ ਉਸ ਦਾ ਨਾਂ 'ਅੰਬੇਡਕਰ' ਦਰਜ ਕਰ ਦਿੱਤਾ। ਸਤਾਰਾ ਦੇ ਕੈਂਪ ਸਕੂਲ ਤੋਂ ਭੀਮ ਰਾਓ ਨੇ ਪੰਜਵੀਂ ਜਮਾਤ ਪਾਸ ਕੀਤੀ। ਫਿਰ ਰਾਮ ਜੀ, ਭੀਮ ਰਾਓ ਨੂੰ ਪੜ੍ਹਾਉਣ ਲਈ ਬੰਬਈ (ਮੁੰਬਈ) ਵਿੱਚ ਰਹਿਣ ਲੱਗ ਪਏ। ਉੱਥੇ ਉਹਨਾਂ ਨੇ ਭੀਮ ਰਾਓ ਨੂੰ ਅਲਫਿੰਸਟੋਨ ਹਾਈ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ। ਪਰਿਵਾਰ ਕੋਲ਼ ਰਹਿਣ ਲਈ ਇੱਕ ਕਮਰਾ ਸੀ। ਕਮਰੇ ਵਿੱਚ ਹੀ ਚੁੱਲ੍ਹਾ ਹੋਣ ਕਾਰਨ ਕਮਰਾ ਧੂੰਏਂ ਨਾਲ਼ ਭਰ ਜਾਂਦਾ। ਇਸ ਕਾਰਨ ਭੀਮ ਰਾਓ ਰਾਤ ਨੂੰ ਜਲਦੀ ਸੌਂ ਜਾਂਦੇ ਤੇ ਸਵੇਰੇ ਉੱਠ ਕੇ ਦੀਵੇ ਦੀ ਮੱਧਮ ਲੋਅ ਵਿੱਚ ਦਿਨ ਚੜ੍ਹਨ ਤੱਕ ਪੜ੍ਹਦੇ ਰਹਿੰਦੇ।

ਉਸ ਸਮੇਂ ਸਮਾਜ ਵਿੱਚ ਜਾਤੀ ਭੇਦ-ਭਾਲ ਕਾਰਨ ਛੂਤ-ਛਾਤ ਕੀਤੀ ਜਾਂਦੀ ਸੀ। ਛੋਟੀ ਉਮਰ ਵਿੱਚ ਹੀ ਭੀਮ ਰਾਓ ਨੂੰ ਇਹਨਾਂ ਕੁਰੀਤੀਆਂ ਦਾ ਸਾਮ੍ਹਣਾ ਕਰਨਾ ਪਿਆ। ਇਸ ਸਕੂਲ ਵਿੱਚ ਹੀ ਉਹਨਾਂ ਨੂੰ ਸੰਸਕ੍ਰਿਤ ਪੜ੍ਹਨ ਤੋਂ ਮਨ੍ਹਾ ਕਰ ਦਿੱਤਾ ਗਿਆ ਸੀ। ਭੀਮ ਰਾਓ ਦੇ ਬਾਲ-ਮਨ ਉੱਤੇ ਇਸ ਗੱਲ ਦਾ ਡੂੰਘਾ ਅਸਰ ਹੋਇਆ। ਮਨ ਹੀ ਮਨ ਉਹਨਾਂ ਨੇ ਜਾਤ-ਪਾਤ ਵਿਰੁੱਧ ਸੰਘਰਸ਼ ਕਰਨ ਦੀ ਠਾਣ ਲਈ। ਸਕੂਲ ਵਿੱਚ ਅਜਿਹੀ ਮਾਨਸਿਕ ਪੀੜਾ ਝੱਲਦੇ ਹੋਏ ਭੀਮ ਰਾਓ 1907 ਈ. ਵਿੱਚ ਦਸਵੀਂ ਪਾਸ ਕਰ ਗਏ।

ਭੀਮ ਰਾਓ ਦਾ ਵਿਆਹ ਇੱਕ ਸਾਦਾ ਸਮਾਗਮ ਵਿੱਚ ਸਤਾਰਾਂ ਸਾਲ ਦੀ ਉਮਰ ਵਿੱਚ ਹੋ ਗਿਆ। ਉਹਨਾਂ ਦੀ ਪਤਨੀ ਰਾਮਾ ਬਾਈ ਸੁਘੜ-ਸਿਆਣੀ ਸੀ ਔਰਤ। ਹਰ ਮੁਸ਼ਕਲ ਘੜੀ ਵਿੱਚ ਰਾਮਾ ਬਾਈ ਨੇ ਉਹਨਾਂ ਦਾ ਸਾਥ ਨਿਭਾਇਆ। ਉਹਨਾਂ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਂ ਜਸਵੰਤ ਰਾਓ ਰੱਖਿਆ ਗਿਆ।

ਦਸਵੀਂ ਪਾਸ ਕਰਕੇ ਭੀਮ ਰਾਓ ਅਲਫਿੰਸਟੋਨ ਕਾਲਜ ਮੁੰਬਈ ਵਿੱਚ ਦਾਖ਼ਲ ਹੋ ਗਏ। ਭਾਵੇਂ ਘਰ ਵਿੱਚ ਆਰਥਿਕ ਤੰਗੀ ਸੀ ਪਰ ਉਹ ਹੋਰ ਅੱਗੇ ਪੜ੍ਹਨਾ ਚਾਹੁੰਦੇ ਸਨ। ਇਸ ਮੌਕੇ ਉਹਨਾਂ ਦੇ ਇੱਕ ਅਧਿਆਪਕ ਕਲੂਸਕਰ ਉਹਨਾਂ ਦੀ ਮਦਦ ਕਰਨ ਲਈ ਅੱਗੇ ਆ ਗਏ। ਉਹ ਭੀਮ ਰਾਓ ਨੂੰ ਰਿਆਸਤ ਬੜੌਦਾ ਦੇ ਮਹਾਰਾਜਾ ਕੋਲ਼ ਲੈ ਗਏ। ਮਹਾਰਾਜਾ ਸੀਆ ਜੀ ਗਾਇਕਵਾੜ ਨੇ ਭੀਮ ਰਾਓ ਤੋਂ ਕੁਝ ਪ੍ਰਸ਼ਨ ਪੁੱਛੇ। ਭੀਮ ਰਾਓ ਨੇ ਸਾਰੇ ਪ੍ਰਸ਼ਨਾਂ ਦੇ ਠੀਕ ਉੱਤਰ ਦੇ ਦਿੱਤੇ। ਮਹਾਰਾਜਾ ਜੀ ਖ਼ੁਸ਼ ਹੋ ਗਏ। ਭੀਮ ਰਾਓ ਨੂੰ ਬੜੌਦਾ ਰਿਆਸਤ ਵੱਲੋਂ ਹੁਸ਼ਿਆਰ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਵਜ਼ੀਫ਼ਾ ਲੱਗ ਗਿਆ। ਇਸ ਆਰਥਿਕ ਮਦਦ ਨਾਲ਼ 1912 ਈ. ਵਿੱਚ ਭੀਮ ਰਾਓ ਨੇ ਬੀ.ਏ ਪਾਸ ਕਰ ਲਈ। ਭੀਮ ਰਾਓ ਉਚੇਰੀ ਵਿੱਦਿਆ ਹਾਸਲ ਕਰਨਾ ਚਾਹੁੰਦੇ ਸਨ। ਬੜੌਦਾ ਦੇ ਮਹਾਰਾਜਾ ਕੁਝ ਹੁਸ਼ਿਆਰ ਵਿਦਿਆਰਥੀਆਂ ਨੂੰ ਪੜ੍ਹਨ ਲਈ ਅਮਰੀਕਾ ਭੇਜ ਰਹੇ ਸਨ। ਭੀਮ ਰਾਓ ਮਹਾਰਾਜਾ ਨੂੰ ਆਪ ਜਾ ਕੇ ਮਿਲ਼ੇ। ਮਹਾਰਾਜਾ ਨੇ ਉਹਨਾਂ ਦੀ ਬੇਨਤੀ ਮੰਨ ਲਈ। ਉਹਨਾਂ ਨੂੰ ਉਚੇਰੀ ਵਿੱਦਿਆ ਪੜ੍ਹਨ ਲਈ ਅਮਰੀਕਾ ਜਾਣ ਦਾ ਮੌਕਾ ਮਿਲ਼ ਗਿਆ। ਉਹਨਾਂ ਨੇ ਸਖ਼ਤ ਮਿਹਨਤ ਕਰਕੇ ਕੋਲੰਬੀਆ ਯੂਨੀਵਰਸਿਟੀ ਤੋਂ ਐੱਮ.ਏ. ਤੇ ਪੀ-ਐੱਚ.ਡੀ ਦੀ ਡਿਗਰੀ ਹਾਸਲ ਕਰ ਲਈ। ਇੱਥੇ ਉਹਨਾਂ ਨੇ ਬਿਲਕੁਲ ਸਾਦਾ ਜੀਵਨ ਬਿਤਾਇਆ। ਆਮ ਕਰਕੇ ਉਹ ਦਿਨ ਵਿੱਚ ਇੱਕ ਕੱਪ ਚਾਹ ਤੇ ਡਬਲਰੋਟੀ ਖਾ ਕੇ ਹੀ ਗੁਜ਼ਾਰਾ ਕਰ ਲੈਂਦੇ ਸਨ। ਅਮਰੀਕਾ ਵਿੱਚ ਪੜ੍ਹਾਈ ਪੂਰੀ ਕਰਕੇ ਉਹ ਲੰਡਨ ਪੁੱਜ ਗਏ। ਇੱਥੇ ਉਹਨਾਂ ਨੇ ਅਰਥ-ਸ਼ਾਸਤਰ ਤੇ ਕਨੂੰਨ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਥੋੜ੍ਹੀ ਦੇਰ ਬਾਅਦ ਵਜ਼ੀਫ਼ੇ ਦੀ ਮਿਆਦ ਮੁੱਕ ਜਾਣ ਕਾਰਨ ਉਹ ਦੇਸ ਪਰਤ ਆਏ।

ਭਾਰਤ ਆ ਕੇ ਭੀਮ ਰਾਓ ਮਹਾਰਾਜਾ ਬੜੌਦਾ ਦੇ ਮਿਲਟਰੀ-ਸਕੱਤਰ ਲੱਗ ਗਏ। ਦਫ਼ਤਰ ਵਿੱਚ ਜਾਤੀ ਭੇਦ-ਭਾਵ ਹੋਣ ਕਾਰਨ ਉਹਨਾਂ ਨੇ ਇਹ ਨੌਕਰੀ ਛੱਡ ਦਿੱਤੀ। ਮੁੰਬਈ ਆ ਕੇ ਉਹ ਸਿਡਨਹਮ ਕਾਲਜ ਵਿੱਚ ਰਾਜਨੀਤੀ-ਸ਼ਾਸਤਰ ਦੇ ਪ੍ਰੋਫ਼ੈਸਰ ਲੱਗ ਗਏ। ਇੱਥੇ ਉਹਨਾਂ ਦੇ ਸਾਥੀ ਅਧਿਆਪਕ ਵੀ ਉਹਨਾਂ ਨਾਲ਼ ਵਿਤਕਰਾ ਕਰਦੇ ਸਨ। ਕਾਲਜ ਦੀ ਨੌਕਰੀ ਛੱਡ ਕੇ ਉਹ ਦੁਬਾਰਾ ਲੰਡਨ ਪੁੱਜ ਗਏ। ਇੱਥੇ ਆ ਕੇ ਉਹਨਾਂ ਨੇ ਅਰਥ-ਸ਼ਾਸਤਰ ਵਿੱਚ ਉਚੇਰੀ ਡਿਗਰੀ ਪ੍ਰਾਪਤ ਕਰਨ ਦੇ ਨਾਲ਼-ਨਾਲ਼ ਵਕਾਲਤ ਪਾਸ ਕਰ ਲਈ। ਫਿਰ ਮੁੰਬਈ ਆ ਕੇ ਉਹਨਾਂ ਨੇ ਵਕਾਲਤ ਕਰਨੀ ਸ਼ੁਰੂ ਕਰ ਦਿੱਤੀ। ਉਹਨਾਂ ਦੀ ਵਕਾਲਤ ਚੰਗੀ ਚੱਲ ਰਹੀ ਸੀ ਪਰੰਤੂ ਉਹ ਸਰਕਾਰੀ ਲਾਅ ਕਾਲਜ, ਮੁੰਬਈ ਦੇ ਪ੍ਰਿੰਸੀਪਲ ਨਿਯੁਕਤ ਹੋ ਗਏ।

ਡਾ. ਭੀਮ ਰਾਓ ਅੰਬੇਡਕਰ ਨੇ ਬਚਪਨ ਤੋਂ ਹੀ ਮਨੁੱਖ ਵੱਲੋਂ ਮਨੁੱਖ ਪ੍ਰਤਿ ਕੀਤੀ ਜਾਂਦੀ ਨਫ਼ਰਤ ਸਹਿਣ ਕੀਤੀ ਸੀ। ਉਹਨਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਜਾਤ-ਪਾਤ ਵਿੱਦਿਆ ਦੀ ਰੋਸ਼ਨੀ ਨਾਲ਼ ਦੂਰ ਹੋ ਸਕਦੀ ਹੈ। ਸਮਾਜ ਵਿੱਚ ਵਿੱਦਿਆ ਦਾ ਦੀਪ ਜਗਾਉਣ ਲਈ ਉਹਨਾਂ ਨੇ 'ਪੀਪਲਜ਼ ਐਜੂਕੇਸ਼ਨਲ ਸੁਸਾਇਟੀ' ਬਣਾਈ। ਇਸ ਸਭਾ ਵੱਲੋਂ ਗ਼ਰੀਬ ਬੱਚਿਆਂ ਦੀ ਪੜ੍ਹਾਈ ਲਈ ਸਕੂਲ, ਕਾਲਜ ਤੇ ਹੋਸਟਲ ਖੋਲ੍ਹੇ ਗਏ। ਸਮਾਜ-ਭਲਾਈ ਦੇ ਕਾਰਜ ਨੂੰ ਘਰ-ਘਰ ਪਹੁੰਚਾਉਣ ਲਈ ਉਹਨਾਂ ਨੇ 'ਮੂਕ ਨਾਇਕ' ਤੇ ਬਹਿਸ਼ਕ੍ਰਿਤ ਭਾਰਤ' ਹਫ਼ਤਾਵਾਰ ਅਖ਼ਬਾਰ ਕੱਢੇ। ਲੰਡਨ ਵਿੱਚ ਹੋਈਆਂ ਗੋਲ਼ਮੇਜ਼ ਕਾਨਫ਼੍ਰੰਸਾਂ ਵਿੱਚ ਜਾ ਕੇ ਪਛੜੇ ਵਰਗਾਂ ਦੀ ਸਥਿਤੀ ਬਿਆਨ ਕੀਤੀ। ਉਹਨਾਂ ਦੇ ਯਤਨਾਂ ਨਾਲ਼ ਪਛੜੀਆਂ ਸ਼੍ਰੇਣੀਆਂ ਨੂੰ ਕੁਝ ਬੁਨਿਆਦੀ ਸਫਲਤਾਵਾਂ ਮਿਲ਼ੀਆਂ। ਗ਼ਰੀਬ ਸਮਾਜ ਦੀ ਭਲਾਈ ਹਿਤ ਸੰਘਰਸ਼ ਕਰਦਿਆਂ ਉਹ 1927 ਵਿੱਚ ਵਿਧਾਨ ਪ੍ਰੀਸ਼ਦ, ਮੁੰਬਈ ਦੇ ਮੈਂਬਰ ਚੁਣੇ ਗਏ।

ਭਾਰਤ ਅਜ਼ਾਦ ਹੋਇਆ ਤਾਂ ਉਹਨਾਂ ਨੂੰ ਦੇਸ ਦੇ ਪਹਿਲੇ ਕਨੂੰਨ ਮੰਤਰੀ ਬਣਾਇਆ ਗਿਆ। ਇਸ ਪਦ 'ਤੇ ਕੰਮ ਕਰਦਿਆਂ ਉਹਨਾਂ ਨੇ ਬੱਚਿਆਂ, ਔਰਤਾਂ ਤੇ ਦਲਿਤ ਸਮਾਜ ਦਾ ਜੀਵਨ-ਪੱਧਰ ਉੱਚਾ ਚੁੱਕਣ ਲਈ ਭਰਪੂਰ ਉਪਰਾਲੇ ਕੀਤੇ। ਉਹਨਾਂ ਨੇ ਦਿਨ-ਰਾਤ ਮਿਹਨਤ ਕਰਕੇ ਭਾਰਤ ਦਾ ਸੰਵਿਧਾਨ ਲਿਖਿਆ ਜੋ 26 ਜਨਵਰੀ, 1950 ਨੂੰ ਲਾਗੂ ਹੋਇਆ। ਜੀਵਨ ਤੇ ਅੰਤਲੇ ਦਿਨਾਂ ਵਿੱਚ ਉਹ ਬੁੱਧ ਧਰਮ ਦੀ ਸ਼ਰਨ ਵਿੱਚ ਚਲੇ ਗਏ। ਦੇਸ ਦੇ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਉਹਨਾਂ ਨੇ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ। ਡਾ. ਭੀਮ ਰਾਓ ਅੰਬੇਡਕਰ ਦੇ ਸੌ ਸਾਲਾ ਜਨਮ-ਦਿਵਸ ਉੱਤੇ ਭਾਰਤ ਸਰਕਾਰ ਵੱਲੋਂ ਉਹਨਾਂ ਨੂੰ 'ਭਾਰਤ ਰਤਨ' ਦੀ ਉਪਾਧੀ ਨਾਲ਼ ਸਨਮਾਨਿਤ ਕੀਤਾ ਗਿਆ।

ਇਹ ਮਹਾਨ ਸਮਾਜ-ਸੁਧਾਰਕ, ਕਨੂੰਨਦਾਨ ਤੇ ਫ਼ਿਲਾਸਫ਼ਰ 6 ਦਸੰਬਰ, 1956 ਨੂੰ ਸਮਦਲ ਸਮਾਜ ਦੀ ਉਸਾਰੀ ਹਿਤ ਜੱਦੋ-ਜਹਿਦ ਕਰਦਿਆਂ, ਦਿੱਲੀ ਵਿਖੇ ਅਕਾਲ ਚਲਾਣਾ ਕਰ ਗਏ।

## ਪਾਠ-ਅਭਿਆਸ

1. ਦੱਸੋ :

(ੳ) ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਕਿਸ ਪ੍ਰਦੇਸ਼ ਵਿੱਚ ਤੇ ਕਦੋਂ ਹੋਇਆ ਸੀ ?

(ਅ) ਭੀਮ ਰਾਓ ਦੇ ਮਾਤਾ-ਪਿਤਾ ਦਾ ਕੀ ਨਾਂ ਸੀ ?

(ੲ) ਭੀਮ ਰਾਓ ਨੇ ਪੰਜਵੀਂ ਤੇ ਦਸਵੀਂ ਜਮਾਤ ਕਿੱਥੋਂ ਪਾਸ ਕੀਤੀ ਸੀ ?

(ਸ) ਅਧਿਆਪਕ ਭੀਮ ਰਾਓ ਨੂੰ ਕਿਉਂ ਪਿਆਰ ਕਰਦੇ ਸਨ ?

(ਹ) ਭੀਮ ਰਾਓ ਨੂੰ ਵਜ਼ੀਫ਼ਾ ਪ੍ਰਾਪਤ ਕਰਨ ਲਈ ਕੀ ਕਰਨਾ ਪਿਆ ਸੀ ?

(ਕ) ਅਮਰੀਕਾ ਵਿੱਚ ਭੀਮ ਰਾਓ ਦਾ ਜੀਵਨ ਕਿਹੋ-ਜਿਹਾ ਸੀ ?

(ਖ) ਡਾ. ਭੀਮ ਰਾਓ ਨੇ ਪੀਪਲਜ਼ ਐਜੂਕੇਸ਼ਨਲ ਸੁਸਾਇਟੀ ਕਿਉਂ ਬਣਾਈ ਸੀ ?

(ਗ) ਭਾਰਤ ਦਾ ਸੰਵਿਧਾਨ ਕਿਸ ਨੇ ਲਿਖਿਆ ਅਤੇ ਇਹ ਕਦੋਂ ਲਾਗੂ ਹੋਇਆ ਸੀ ?

2. ਖ਼ਾਲੀ ਥਾਂਵਾਂ ਭਰੋ :

(ੳ) ਭੀਮ ਰਾਓ ਦਾ ਪਿੰਡ .................... ਸੀ।

(ਅ) ਅਧਿਆਪਕ ਨੇ ਸਕੂਲ ਦੇ ਰਜਿਸਟਰ ਵਿੱਚ ਭੀਮ ਰਾਓ ਦਾ ਨਾਂ .................... ਦਰਜ ਕਰ ਦਿੱਤਾ।

(ੲ) ਇੱਕ ਅਧਿਆਪਕ .................... ਉਹਨਾਂ ਦੀ ਮਦਦ ਕਰਨ ਲਈ ਅੱਗੇ ਆ ਗਏ।

(ਸ) ਬੜੌਦਾ ਦੇ ਮਹਾਰਾਜਾ .................... ਨੇ ਭੀਮ ਰਾਓ ਨੂੰ ਉਚੇਰੀ ਪੜ੍ਹਾਈ ਕਰਨ ਲਈ ਅਮਰੀਕਾ ਭੇਜਿਆ।

(ਹ) ਭਾਰਤ ਅਜ਼ਾਦ ਹੋਇਆ ਤਾਂ ਉਹਨਾਂ ਨੂੰ ਪਹਿਲੇ .................... ਬਣਾਇਆ ਗਿਆ।

3. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

ਸੰਘਰਸ਼, ਸਮਾਗਮ, ਹੁਸ਼ਿਆਰ, ਨਫ਼ਰਤ, ਸੁਘੜ-ਸਿਆਣੀ, ਛੂਤ-ਛਾਤ, ਲੋਅ

## ਵਿਆਕਰਨ

ਇਸ ਪਾਠ ਵਿੱਚੋਂ ਵਸਤੂਵਾਚਕ ਨਾਂਵ ਅਤੇ ਵਿਸ਼ੇਸ਼ਣ ਚੁਣੋ।

*****

# ਪਾਠ-26

# ਫੁੱਲਾਂ ਦਾ ਸੁਨੇਹਾ

*(ਸਟੇਜ ਦੇ ਵਿਚਕਾਰ ਕੱਪੜੇ ਦਾ ਬਣਿਆ ਇੱਕ ਫੁੱਲ ਪਿਆ ਹੈ।*

*ਖੱਬੇ ਪਾਸਿਓਂ ਇੱਕ ਤਿਤਲੀ ਨੱਚਦੀ ਹੋਈ ਆਉਂਦੀ ਹੈ)*



ਤਿਤਲੀ : ਮੈਂ ਤਿਤਲੀ ਸੁੰਦਰ ਬਾਗ਼ ਦੀ, ਮੇਰੇ ਫੁੱਲਾਂ ਦੇ ਕਈ ਰੰਗ,
ਜਿਉਂ ਚੁੰਨੀਆਂ ਰੰਗ-ਬਰੰਗੀਆਂ, ਕੋਈ ਥਾਂ-ਥਾਂ ਦੇਵੇ ਟੰਗ।
ਇਹ ਰੰਗ ਨਹੀਂ ਮੇਰੇ ਆਪਣੇ, ਫੁੱਲਾਂ ਤੋਂ ਲਏ ਨੇ ਮੰਗ,
ਮੈਂ ਫੁੱਲਾਂ ਗਿਰਦੇ ਘੁੰਮਦੀ, ਨਿੱਤ ਹੋ ਕੇ ਮਸਤ-ਮਲੰਗ।
ਮੈਨੂੰ ਡਰ ਨਹੀਂ ਕਿਸੇ ਵੀ ਹੋਰ ਦਾ, ਮੈਂ ਹੋ ਕੇ ਫਿਰਾਂ ਨਿਸੰਗ,
ਰਹੇ ਖਿੜਿਆ ਫੁੱਲ ਹਮੇਸ਼ ਇਹ, ਮੇਰੇ ਦਿਲ ਦੀ ਇਹੋ ਉਮੰਗ।
*(ਸੱਜੇ ਪਾਸਿਓਂ ਇੱਕ ਭੌਰਾ ਆਉਂਦਾ ਹੈ)*

ਭੌਰਾ : ਮੈਂ ਭੌਰਾ ਸੁੰਦਰ ਬਾਗ਼ ਦਾ, ਮੇਰਾ ਫੁੱਲਾਂ ਨਾਲ਼ ਪਿਆਰ,
ਮੇਰੇ ਸਾਹਾਂ ਅੰਦਰ ਮਹਿਕਦੀ, ਇਹਨਾਂ ਫੁੱਲਾਂ ਜਿਹੀ ਬਹਾਰ।
ਮੈਂ ਪੀ-ਪੀ ਰਸ ਜਿਉਂਦਾ, ਮੈਨੂੰ ਚੜ੍ਹਿਆ ਰਹੇ ਖ਼ੁਮਾਰ,
ਇਹਨਾਂ ਫੁੱਲਾਂ ਕਰਕੇ ਜਾਪਦਾ, ਮੈਨੂੰ ਸੁੰਦਰ ਸਭ ਸੰਸਾਰ।
ਨਿੱਤ ਰਾਗ ਸੁਣਾਵਾਂ ਇਹਨਾਂ ਨੂੰ, ਮੈਂ ਛੇੜ ਕੇ ਦਿਲ ਦੀ ਤਾਰ,
ਮੈਂ ਨੌਕਰ ਬਿਨ ਤਨਖ਼ਾਹ ਦੇ, ਇਹਨਾਂ ਫੁੱਲਾਂ ਦੇ ਦਰਬਾਰ।

ਤਿਤਲੀ : ਜਾ ਬੈਠ ਪਰ੍ਹਾਂ ਬੜਬੋਲਿਆ, ਨਾ ਸਿਰ 'ਤੇ ਚੜ੍ਹਦਾ ਜਾ।
ਮੈਂ ਖੰਭ ਹਿਲਾ ਕੇ ਆਪਣੇ, ਹਰ ਫੁੱਲ ਨੂੰ ਦਿਆਂ ਹਵਾ।

| | | |
|---|---|---|
| | | ਜਿਉਂ ਪੱਖਾ ਝੱਲ ਕੇ ਸੁੰਦਰੀ, ਦਏ ਆਪਣਾ ਕੰਤ ਸੰਵਾ, |
| | | ਤੂੰ ਉਲਟਾ ਕਰਕੇ ਭੂੰ-ਭੂੰ, ਰਿਹਾ ਸੁੱਤਿਆਂ ਤਾਈਂ ਜਗਾ। |
| ਭੌਰਾ | : | ਜਾ ਨੀ, ਵੱਡੀਆਂ ਅਕਲਾਂ ਵਾਲ਼ੀਏ, ਤੇਰਾ ਨਾਲ਼ ਅਕਲ ਦੇ ਵੈਰ, |
| | | ਜੋ ਸੁੱਤੇ ਰਹੇ ਸੋ ਮਰ ਗਏ, ਨਹੀਂ ਪੈਂਦੀ ਉਹਨਾਂ ਨੂੰ ਖ਼ੈਰ। |
| | | ਜੋ ਜਾਗਣ ਮਾਰਨ ਮੰਜ਼ਲਾਂ, ਨੀ! ਉਹ ਅਗਾਂਹ ਵਧਾ ਕੇ ਪੈਰ, |
| | | ਤੂੰ ਮਿੱਤਰ ਨਹੀਂ ਏਂ' ਫੁੱਲ ਦੀ, ਤੂੰ ਦੁਸ਼ਮਣ ਕੋਈ ਗ਼ੈਰ। |
| ਤਿਤਲੀ | : | ਮੈਂ ਫੁੱਲਾਂ ਅੰਦਰ ਵੱਸਦੀ, ਜਿਉਂ ਉਹਨਾਂ ਵਿੱਚ ਖ਼ੁਸ਼ਬੋ, |
| ਭੌਰਾ | : | ਫੁੱਲ ਰੰਗ ਰਚਾ ਕੇ ਰੋਮ-ਰੋਮ, ਮੈਂ ਆਪ ਗਿਆ ਰੰਗ ਹੋ। |
| ਫੁੱਲ | : | ਕਿਉਂ ਲੜਦੇ ਹੋ ਮੇਰੇ ਆਸ਼ਕੋ, ਮੈਨੂੰ ਦੋਂਹਾਂ ਨਾਲ਼ ਪਿਆਰ, |
| | | ਨਹੀਂ ਉੱਚਾ-ਨੀਵਾਂ ਕੋਈ ਵੀ, ਮੈਂ ਜਾਣਾਂ ਸਭ ਇਕਸਾਰ। |
| | | ਮੈਂ ਭਰ-ਭਰ ਵੰਡਾਂ ਝੋਲ਼ੀਆਂ, ਮੇਰਾ ਭਰਿਆ ਰਹੇ ਭੰਡਾਰ, |
| | | ਤੁਸੀਂ ਦਿਓ ਅਸੀਸਾਂ ਸੋਹਣਿਓ, ਮੇਰੀ ਮਹਿਕੀ ਰਹੇ ਗੁਲਜ਼ਾਰ। |
| | | ਇਹ ਖ਼ੁਸ਼ਬੋ ਤੁਹਾਡੇ ਵਾਸਤੇ ਤੇ ਤੁਹਾਡੇ ਲਈ ਨੇ ਰੰਗ, |
| | | ਰਹੋ ਵੱਸਦੇ-ਰਸਦੇ ਖੇਡਦੇ, ਮੇਰੇ ਦਿਲ ਦੀ ਇਹੋ ਉਮੰਗ। |
| | | ਨਾ ਖੰਭੜੀ ਟੁੱਟੇ ਕਿਸੇ ਦੀ, ਨਾ ਵੀਣੀਓਂ ਟੁੱਟੇ ਵੰਗ, |
| | | ਰਲ਼ ਵਚਨ ਦਿਓ ਮੈਨੂੰ ਸੁੱਚੜਾ, ਨਹੀਂ ਕਦੇ ਕਰਾਂਗੇ ਜੰਗ। |

## ਪਾਠ-ਅਭਿਆਸ

1. ਦੱਸੋ :

(ੳ) ਤਿਤਲੀ ਨੇ ਆਪਣੇ ਰੰਗ ਕਿਸ ਤੋਂ ਲਏ ਹਨ ਅਤੇ ਉਸ ਦੇ ਦਿਲ ਦੀ ਕੀ ਉਮੰਗ ਹੈ?

(ਅ) ਭੌਰਾ ਫੁੱਲਾਂ ਨੂੰ ਕੀ ਸੁਣਾਉਂਦਾ ਹੈ?

(ੲ) ਜੋ ਜਾਗਦੇ ਹਨ, ਉਹਨਾਂ ਨੂੰ ਕਿਹੜੀ ਚੀਜ਼ ਪ੍ਰਾਪਤ ਹੁੰਦੀ ਹੈ?

(ਸ) ਫੁੱਲ ਤਿਤਲੀ ਤੇ ਭੌਰੇ ਨੂੰ ਕੀ ਸੁਨੇਹਾ ਦਿੰਦਾ ਹੈ?

2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਸੁੰਦਰ, ਸੰਸਾਰ, ਮਿੱਤਰ, ਭੰਡਾਰ, ਵਚਨ

3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਮਸਤ-ਮਲੰਗ | : | ਮਨਮੌਜੀ, ਬੇਪਰਵਾਹ |
| ਨਿਸੰਗ | : | ਬੇਝਿਜਕ, ਨਿਡਰ |

| | | |
|---|---|---|
| ਹਮੇਸ਼ | : | ਹਮੇਸ਼ਾਂ, ਸਦਾ |
| ਉਮੰਗ | : | ਇੱਛਾ, ਤਾਂਘ |
| ਖ਼ੁਮਾਰ | : | ਮਸਤੀ, ਨਸ਼ਾ |
| ਗੁਲਜ਼ਾਰ | : | ਬਾਗ਼, ਫੁਲਵਾੜੀ, ਫੁੱਲਾਂ ਦੀ ਕਿਆਰੀ |
| ਦੁਸ਼ਮਣ | : | ਵੈਰੀ, ਵਿਰੋਧੀ |
| ਕੰਤ | : | ਘਰਵਾਲ਼ਾ, ਪਤੀ, ਖ਼ਾਵੰਦ |

4. ਇਸ ਕਵਿਤਾ ਵਿੱਚੋਂ ਇੱਕ ਲੈਅ ਵਾਲ਼ੇ ਹੋਰ ਸ਼ਬਦ ਚੁਣੋ, ਜਿਵੇਂਕਿ ਉਦਾਹਰਨ ਵਿੱਚ ਦੱਸਿਆ ਗਿਆ ਹੈ :

ਉਦਾਹਰਨ- ਵੰਗ-ਜੰਗ

## ਵਿਆਕਰਨ :

ਮੈਂ ਤਿਤਲੀ ਸੁੰਦਰ ਬਾਗ਼ ਦੀ, ਮੇਰੇ ਫੁੱਲਾਂ ਦੇ ਕਈ ਰੰਗ,
ਜਿਉਂ ਚੁੰਨੀਆਂ ਰੰਗ-ਬਰੰਗੀਆਂ, ਕੋਈ ਥਾਂ-ਥਾਂ ਦੇਵੇ ਟੰਗ।
ਇਹ ਰੰਗ ਨਹੀਂ ਮੇਰੇ ਆਪਣੇ, ਫੁੱਲਾਂ ਤੋਂ ਲਏ ਨੇ ਮੰਗ,
ਮੈਂ ਫੁੱਲਾਂ ਗਿਰਦੇ ਘੁੰਮਦੀ, ਨਿੱਤ ਹੋ ਕੇ ਮਸਤ-ਮਲੰਗ।
ਮੈਨੂੰ ਡਰ ਨਹੀਂ ਕਿਸੇ ਵੀ ਹੋਰ ਦਾ, ਮੈਂ ਹੋ ਕੇ ਫਿਰਾਂ ਨਿਸੰਗ,
ਰਹੇ ਖਿੜਿਆ ਫੁੱਲ ਹਮੇਸ਼ ਇਹ, ਮੇਰੇ ਦਿਲ ਦੀ ਇਹੋ ਉਮੰਗ।

ਉੱਪਰ ਲਿਖੀਆਂ ਸਤਰਾਂ ਵਿੱਚੋਂ ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ ਅਤੇ ਸਮਾਸੀ-ਸ਼ਬਦ ਚੁਣ ਕੇ ਆਪਣੀ ਕਾਪੀ ਵਿੱਚ ਲਿਖੋ।

### ਅਧਿਆਪਕ ਲਈ :

ਅਧਿਆਪਕ ਇਸ ਕਾਵਿ-ਨਾਟਕ ਨੂੰ ਜਮਾਤ ਜਾਂ ਸਵੇਰ ਦੀ ਸਭਾ ਜਾਂ ਖੇਡ-ਮੈਦਾਨ 'ਚ ਮੰਚਨ ਕਰੇ।

*****